ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

**Awaze Qaum** (ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

**International Daily Newspaper & WEB TV**

awazeqaumtvpunjab@gmail.com

ਐਤਵਾਰ, 12 ਜਨਵਰੀ 2025 (ਨਾਨਕਸ਼ਾਹੀ ਸੰਮਤ : ੫੫੬, ੨੮ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਜਲੰਧਰ ਦੇ ਮੇਅਰ ਵਜੋਂ ਵਿਨੀਤ ਧੀਰ ਦੇ ਹੱਥ ਆਈ ਕਮਾਨ

**ਜਲੰਧਰ, 11 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਨਗਰ ਨਿਗਮ ਦੀਆਂ ਚੋਣਾਂ ਦੇ ਲਗਭਗ 20 ਦਿਨਾਂ ਬਾਅਦ ਸ਼ਹਿਰ ਨੂੰ 7ਵਾਂ ਅਤੇ ਨਵਾਂ ਮੇਅਰ ਮਿਲ ਗਿਆ ਹੈ। ਵਿਨੀਤ ਧੀਰ ਨੂੰ ਸਰਬਸੰਮਤੀ ਨਾਲ ਜਲੰਧਰ ਨਗਰ ਨਿਗਮ ਦਾ ਮੇਅਰ ਚੁਣਿਆ ਗਿਆ ਹੈ। ਇਸ ਦੇ ਨਾਲ ਹੀ ਬਲਬੀਰ ਸਿੰਘ ਬਿੱਟੂ ਢਿੱਲੋਂ ਨੂੰ ਸੀਨੀਅਰ ਡਿਪਟੀ ਮੇਅਰ ਨਿਯੁਕਤ ਕੀਤਾ ਗਿਆ ਹੈ ਅਤੇ ਮਲਕੀਤ ਸਿੰਘ ਸਰਪੰਚ ਨੂੰ ਡਿਪਟੀ ਮੇਅਰ ਬਣਾਇਆ ਗਿਆ ਹੈ। ਮੇਅਰ ਦੀ ਚੋਣ ਸਥਾਨਕ ਰੈੱਡ ਕਰਾਸ ਭਵਨ ਵਿਚ ਕੌਂਸਲਰ ਹਾਊਸ ਦੀ ਪਹਿਲੀ ਮੀਟਿੰਗ ਦੌਰਾਨ ਕੀਤੀ ਗਈ। ਮੀਟਿੰਗ ਨੂੰ ਲੈ ਕੇ ਸਖ਼ਤ ਸੁਰੱਖਿਆ ਪ੍ਰਬੰਧਾਂ ਵਿਚ ਕੀਤੀ ਗਈ। ਆਮ ਆਦਮੀ ਪਾਰਟੀ ਵੱਲੋਂ ਵਾਰਡ ਨੰਬਰ-62 ਤੋਂ ਕੌਂਸਲਰ ਚੁਣੇ ਗਏ ਵਿਨੀਤ ਧੀਰ ਨੂੰ ਸ਼ਹਿਰ ਦਾ ਮੇਅਰ ਬਣਾਇਆ ਹੈ। ਬਿੱਟੂ ਵਾਰਡ ਨੰਬਰ-10 ਤੋਂ ਕੌਂਸਲਰ ਹਨ। ਇਸ ਤੋਂ ਇਲਾਵਾ ਵਾਰਡ ਨੰਬਰ 38 ਤੋਂ ਕੌਂਸਲਰ ਮਲਕੀਤ ਸਿੰਘ ਨੂੰ ਡਿਪਟੀ ਮੇਅਰ ਬਣਾਇਆ ਗਿਆ ਹੈ। ਸਦਨ ਦੀ ਮੀਟਿੰਗ ਵਿੱਚ ਤਿੰਨਾਂ ਆਗੂਆਂ ਵਿੱਚ ਸਹਿਮਤੀ ਬਣ ਗਈ ਹੈ। ਸ਼ਹਿਰ ਵਿੱਚ ਕੁੱਲ੍ਹ 85 ਵਾਰਡ ਹਨ, ਜਿਸ ਵਿੱਚੋਂ ਆਮ ਆਦਮੀ ਪਾਰਟੀ ਆਪਣੇ ਦਮ 'ਤੇ ਸਿਰਫ਼ 38 ਸੀਟਾਂ ਹੀ ਜਿੱਤ ਸਕੀ ਪਰ ਬਹੁਮਤ ਲਈ 'ਆਪ' ਨੂੰ ਕੁੱਲ੍ਹ 43 ਕੌਂਸਲਰਾਂ ਦੀ ਲੋੜ ਸੀ।



### ਲਾਸ ਏਂਜਲਸ 'ਚ ਅੱਗ ਦਾ ਤਾਂਡਵ, ਕਈ ਮੌਤਾਂ, 1,50,000 ਲੋਕ ਹੋਏ ਬੇਘਰ

# ਲੱਗਦਾ ਜਿਵੇਂ ਚੱਲਿਆ ਹੋਵੇ ਪ੍ਰਮਾਣੂ ਬੰਬ

**ਵਾਸ਼ਿੰਗਟਨ, 11 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਲਾਸ ਏਂਜਲਸ ਦੇ ਜੰਗਲਾਂ ਵਿੱਚ ਪਿਛਲੇ ਚਾਰ ਦਿਨਾਂ ਤੋਂ ਭਿਆਨਕ ਅੱਗ ਲੱਗੀ ਹੋਈ ਹੈ, ਜਿਸ ਨੇ ਕਈ ਘਰਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਸੜਕਾਂ ਜਾਮ ਹਨ। ਇਸ ਦੁਖਾਂਤ ਵਿੱਚ ਹੁਣ ਤੱਕ 11 ਲੋਕਾਂ ਦੀ ਮੌਤ ਹੋ ਚੁੱਕੀ ਹੈ। ਅੱਗ ਬੁਝਾਊ ਅਮਲੇ ਦਾ ਕਹਿਣਾ ਹੈ ਕਿ ਅੱਗ 'ਤੇ ਕਾਬੂ ਪਾਉਣ ਵਿੱਚ ਕੁਝ ਪ੍ਰਗਤੀ ਹੋਈ ਹੈ, ਹਾਲਾਂਕਿ ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਤੇਜ਼ ਹਵਾਵਾਂ ਕਾਰਨ ਅੱਗ ਦੁਬਾਰਾ ਭੜਕ ਸਕਦੀ ਹੈ, ਜਿਸ ਨਾਲ ਸਥਿਤੀ ਹੋਰ ਵੀ ਵਿਗੜ ਸਕਦੀ ਹੈ। ਲਾਸ ਏਂਜਲਸ ਦੇ ਆਲੀਸ਼ਾਨ ਇਲਾਕਿਆਂ ਵਿੱਚ ਇੱਕ ਭਿਆਨਕ ਅੱਗ ਨੇ ਹਜ਼ਾਰਾਂ ਘਰ ਤਬਾਹ ਕਰ ਦਿੱਤੇ ਹਨ ਅਤੇ ਇਹ ਹਾਲੀਵੁੱਡ ਪਹਾੜੀਆਂ ਤੱਕ ਫੈਲ ਗਈ ਹੈ। ਲਾਸ ਏਂਜਲਸ ਕਾਊਂਟੀ ਸ਼ੈਰਿਫ਼ (ਪੁਲਿਸ ਅਧਿਕਾਰੀ) ਰਾਬਰਟ ਲੂਨਾ ਨੇ ਮੀਡੀਆ ਨੂੰ ਦੱਸਿਆ, 'ਲਗਭਗ 10,000 ਘਰ ਅਤੇ ਹੋਰ ਢਾਂਚਿਆਂ ਨੂੰ ਨੁਕਸਾਨ ਪਹੁੰਚਿਆ ਹੈ, ਸਥਿਤੀ ਇਸ ਤਰ੍ਹਾਂ ਹੈ ਜਿਵੇਂ ਕਿਸੇ ਨੇ ਉਨ੍ਹਾਂ ਇਲਾਕਿਆਂ ਵਿੱਚ ਪ੍ਰਮਾਣੂ ਬੰਬ ਸੁੱਟ ਦਿੱਤਾ ਹੋਵੇ।' ਉਨ੍ਹਾਂ ਡਰ ਪ੍ਰਗਟਾਇਆ ਕਿ ਮੌਤਾਂ ਦੀ ਗਿਣਤੀ ਵਧ ਸਕਦੀ ਹੈ ਤੇ ਕਿਹਾ ਕਿ ਇਸ ਸਮੇਂ ਕੋਈ ਚੰਗੀ ਖ਼ਬਰ ਆਉਣ ਦੀ ਉਮੀਦ ਨਹੀਂ ਹੈ। ਜੰਗਲ ਦੀ ਅੱਗ ਨੇ ਲਾਸ ਏਂਜਲਸ ਅਤੇ ਵੈਂਚੁਰਾ ਕਾਊਂਟੀਆਂ ਵਿੱਚ ਲਗਭਗ 960 ਏਕੜ ਨੂੰ ਪ੍ਰਭਾਵਿਤ ਕੀਤਾ ਹੈ। ਫਾਇਰਫਾਈਟਰਜ਼ ਨੇ 35 ਪ੍ਰਤੀਸ਼ਤ ਖੇਤਰ ਵਿੱਚ ਅੱਗ 'ਤੇ ਕਾਬੂ ਪਾ ਲਿਆ ਹੈ। ਹਰਸਟ ਅਤੇ ਲਿਡੀਆ ਦੇ ਫਾਇਰ ਅਧਿਕਾਰੀਆਂ ਨੇ 1,200 ਏਕੜ ਦੀ ਅੱਗ ਨੂੰ ਕਾਬੂ ਕਰਨ ਵਿੱਚ ਪ੍ਰਗਤੀ ਦੀ ਰਿਪੋਰਟ ਦਿੱਤੀ। ਜਦੋਂ ਕਿ ਹਰਸਟ ਵਿੱਚ ਅੱਗ 37 ਪ੍ਰਤੀਸ਼ਤ ਕਾਬੂ ਵਿੱਚ ਆ ਗਈ ਹੈ, ਲਿਡੀਆ ਵਿੱਚ ਇਹ ਅੰਕੜਾ 75 ਪ੍ਰਤੀਸ਼ਤ ਹੈ। ਲਾਸ ਏਂਜਲਸ ਵਿੱਚ 160 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਰਹੀਆਂ ਹਵਾਵਾਂ ਨੇ ਸਥਿਤੀ ਨੂੰ ਹੋਰ ਵੀ ਬੇਕਾਬੂ ਬਣਾ ਦਿੱਤਾ। ਜਿਵੇਂ ਹੀ ਹਵਾ ਦੀ ਗਤੀ ਥੋੜ੍ਹੀ ਘੱਟ ਹੋਈ, ਬਚਾਅ ਟੀਮ ਅੱਗ ਬੁਝਾਉਣ ਲਈ ਹੈਲੀਕਾਪਟਰਾਂ ਤੋਂ ਪਾਣੀ ਸੁੱਟਣ ਦੇ ਯੋਗ ਹੋ ਗਈ। ਜੰਗਲ ਦੀ ਅੱਗ ਨੇ ਪੈਰਿਸ ਹਿਲਟਨ ਅਤੇ ਮੇਲ ਗਿਬਸਨ ਸਮੇਤ ਕਈ ਫਿਲਮੀ ਸਿਤਾਰਿਆਂ ਅਤੇ ਮਸ਼ਹੂਰ ਹਸਤੀਆਂ ਦੇ ਘਰ ਤਬਾਹ ਕਰ ਦਿੱਤੇ ਹਨ। ਲਾਸ ਏਂਜਲਸ ਕਾਊਂਟੀ ਸ਼ੈਰਿਫ ਰੌਬਰਟ ਲੂਨਾ ਨੇ ਕਿਹਾ ਕਿ ਪ੍ਰਭਾਵਿਤ ਇਲਾਕਿਆਂ ਤੋਂ ਲਗਭਗ 153,000 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ ਗਿਆ ਹੈ। ਹੋਰ 166,800 ਲੋਕਾਂ ਨੂੰ ਆਪਣੇ ਘਰ ਛੱਡਣ ਅਤੇ ਲੋੜ ਪੈਣ 'ਤੇ ਸੁਰੱਖਿਅਤ ਥਾਂ 'ਤੇ ਜਾਣ ਲਈ ਤਿਆਰ ਰਹਿਣ ਲਈ ਕਿਹਾ ਗਿਆ ਹੈ। ਸਾਰੇ ਨਿਕਾਸੀ ਖੇਤਰਾਂ ਵਿੱਚ ਕਰਫਿਊ ਲਗਾਇਆ ਗਿਆ ਹੈ। ਇਸ ਦੌਰਾਨ, ਕੇਨੇਥ ਜੰਗਲ ਦੀ ਅੱਗ ਦੇ ਸਬੰਧ ਵਿੱਚ ਅੱਗ ਲਗਾਉਣ ਦੇ ਸ਼ੱਕ ਵਿੱਚ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।



## ਸੁਖਬੀਰ ਬਾਦਲ ਦਾ ਅਸਤੀਫਾ ਪ੍ਰਵਾਨ ਹੋਣ ਮਗਰੋਂ ਜਥੇਦਾਰ ਰਘਬੀਰ ਸਿੰਘ ਦਾ ਵੱਡਾ ਬਿਆਨ

**ਅੰਮ੍ਰਿਤਸਰ, 11 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਮੁਤਾਬਕ ਕੱਲ੍ਹ ਵਰਕਿੰਗ ਕਮੇਟੀ ਦੀ ਮੀਟਿੰਗ ਹੋਈ, ਜਿਸ 'ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਪ੍ਰਵਾਨ ਹੋਇਆ ਅਤੇ ਅਸਤੀਫਾ ਪ੍ਰਵਾਨ ਫੈਸਲੇ ਦਾ ਸਵਾਗਤ ਕਰਦੇ ਹਾਂ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਅਕਾਲੀ ਦਲ ਦੀ ਕਾਰਜਕਾਰਨੀ ਦੀ ਮੀਟਿੰਗ ਕੱਲ੍ਹ ਚੰਡੀਗੜ੍ਹ ਵਿੱਚ ਹੋਈ। ਜਿਸ ਤੋਂ ਬਾਅਦ ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੀਟਿੰਗ ਵਿੱਚ ਸੁਖਬੀਰ ਬਾਦਲ ਦਾ ਅਸਤੀਫਾ ਸਵੀਕਾਰ ਕਰ ਲਿਆ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਮੀਟਿੰਗ ਵਿੱਚ ਸਿਰਫ਼ ਸੁਖਬੀਰ ਬਾਦਲ ਦਾ ਅਸਤੀਫ਼ਾ ਹੀ ਪ੍ਰਵਾਨ ਕੀਤਾ ਗਿਆ। ਜਦੋਂ ਕਿ ਦੂਜਿਆਂ ਵੱਲੋਂ ਦਿੱਤੇ ਗਏ ਅਸਤੀਫ਼ੇ ਪਹਿਲਾਂ ਹੀ ਰੱਦ ਕਰ ਦਿੱਤੇ ਗਏ ਸਨ ਅਤੇ ਇਸ ਸੰਬੰਧੀ ਜਾਣਕਾਰੀ ਪਾਰਟੀ ਰਜਿਸਟਰ ਵਿੱਚ ਵੀ ਦਰਜ ਹੈ। ਦੱਸ ਦੇਈਏ ਇਸ ਵੇਲੇ ਪਾਰਟੀ ਦਾ ਧਿਆਨ ਨਵੇਂ ਮੈਂਬਰ ਬਣਾਉਣ 'ਤੇ ਹੈ। ਪਾਰਟੀ ਦਾ ਟੀਚਾ ਇਸ ਸਮੇਂ ਦੌਰਾਨ 25 ਲੱਖ ਲੋਕਾਂ ਨੂੰ ਆਪਣੇ ਨਾਲ ਜੋੜਨਾ ਹੈ। ਇਹ ਮੈਂਬਰਸ਼ਿਪ ਮੁਹਿੰਮ 20 ਫਰਵਰੀ ਤੋਂ ਸ਼ੁਰੂ ਹੋਵੇਗੀ। ਜਦੋਂ ਕਿ ਮਾਰਚ ਮਹੀਨੇ ਅਕਾਲੀ ਦਲ ਨੂੰ ਨਵਾਂ ਪ੍ਰਧਾਨ ਮਿਲ ਜਾਵੇਗਾ।



## ਜਸਵੰਤ ਸਿੰਘ ਖਾਲੜਾ ਦੇ ਰੋਲ 'ਚ ਨਜ਼ਰ ਆਉਣਗੇ ਦਿਲਜੀਤ ਦੋਸਾਂਝ

**ਚੰਡੀਗੜ੍ਹ, 11 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਲਗਾਤਾਰ ਸੁਰਖੀਆਂ ਵਿੱਚ ਬਣੇ ਹੋਏ ਹਨ। ਦੱਸ ਦੇਈਏ ਕਿ ਪੰਜਾਬੀ ਕਲਾਕਾਰ ਦਾ ਦਿਲ ਲੁਮਿਨਾਤੀ ਟੂਰ ਸਾਲ ਭਰ ਸੁਪਰਹਿੱਟ ਰਿਹਾ। ਇਸ ਤੋਂ ਬਾਅਦ ਹੁਣ ਦੋਸਾਂਝਾਂਵਾਲੇ ਨੇ ਨਵੇਂ ਸਾਲ ਤੇ ਪ੍ਰਸ਼ੰਸਕਾਂ ਨੂੰ ਹੈਰਾਨ ਕਰ ਦਿੱਤਾ ਹੈ। ਦਰਅਸਲ, ਗਾਇਕ ਦੇ ਇੰਸਟਾਗ੍ਰਾਮ 'ਤੋਂ ਲਹੂ ਨਾਲ ਲੱਥਪੱਥ ਚਿਹਰੇ ਅਤੇ ਧੂੜ ਭਰੇ ਕੱਪੜਿਆਂ ਦੀ ਇੱਕ ਫੋਟੋ ਸਾਂਝੀ ਕੀਤੀ ਗਈ ਹੈ। ਇਨ੍ਹਾਂ ਫੋਟੋਆਂ ਨੂੰ ਦੇਖ ਕੇ ਪ੍ਰਸ਼ੰਸਕ ਵੀ ਬਹੁਤ ਚਿੰਤਤ ਹੋ ਗਏ ਅਤੇ ਉਨ੍ਹਾਂ ਦਾ ਹਾਲ-ਚਾਲ ਪੁੱਛਣ ਲੱਗੇ। ਹਾਲਾਂਕਿ, ਇਹ ਤਸਵੀਰਾਂ ਦਿਲਜੀਤ ਦੀ ਕਿਸੇ ਆਉਣ ਵਾਲੀ ਫਿਲਮ ਦੇ ਦ੍ਰਿਸ਼ ਹਨ। ਇਨ੍ਹਾਂ ਤਸਵੀਰਾਂ ਨੂੰ ਦੇਖ ਕੇ, ਪ੍ਰਸ਼ੰਸਕਾਂ ਨੇ ਅੰਦਾਜ਼ਾ ਲਗਾਇਆ ਕਿ ਕੋਈ ਦਿਲਚਸਪ ਕਹਾਣੀ ਬਣ ਰਹੀ ਹੈ ਜੋ ਜਲਦੀ ਹੀ ਦਰਸ਼ਕਾਂ ਸਾਹਮਣੇ ਪੇਸ਼ ਕੀਤੀ ਜਾਏਗੀ। ਇਨ੍ਹਾਂ ਤਸਵੀਰਾਂ ਨੂੰ ਸਾਂਝਾ ਕਰਦੇ ਹੋਏ ਦਿਲਜੀਤ ਨੇ ਲਿਖਿਆ, 'ਮੈਂ ਹਨੇਰੇ ਨੂੰ ਚੁਣੌਤੀ ਦਿੰਦਾ ਹਾਂ।' ਦਿਲਜੀਤ ਦੀਆਂ ਇਹ ਤਸਵੀਰਾਂ ਉਨ੍ਹਾਂ ਦੀ ਆਉਣ ਵਾਲੀ ਫਿਲਮ 'ਜਸਵੰਤ ਸਿੰਘ ਖਾਲੜਾ' ਦੀ ਬਾਇਓਪਿਕ 'ਪੰਜਾਬ 95' ਦੀਆਂ ਹੋ ਸਕਦੀਆਂ ਹਨ। ਪੰਜਾਬ ਦੇ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ 1995 ਵਿੱਚ ਅਚਾਨਕ ਗਾਇਬ ਹੋ ਗਏ ਸੀ। ਜਿਸ ਤੋਂ ਬਾਅਦ ਅੱਜ ਤੱਕ ਉਨ੍ਹਾਂ ਦੀ ਕੋਈ ਖ਼ਬਰ ਨਹੀਂ ਮਿਲੀ। ਉਨ੍ਹਾਂ ਦੀ ਬਾਇਓਪਿਕ ਦਾ ਐਲਾਨ 2 ਸਾਲ ਪਹਿਲਾਂ 2023 ਵਿੱਚ ਹੋਇਆ ਸੀ। ਜਿਸ ਵਿੱਚ ਦਿਲਜੀਤ ਦੋਸਾਂਝ ਨੂੰ ਮੁੱਖ ਭੂਮਿਕਾ ਵਿੱਚ ਕਾਸਟ ਕੀਤਾ ਗਿਆ ਸੀ। ਹੁਣ ਦਿਲਜੀਤ ਦੀਆਂ ਇਨ੍ਹਾਂ ਤਸਵੀਰਾਂ ਨੂੰ ਦੇਖ ਕੇ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਹ ਇਸ ਫਿਲਮ ਦੇ ਸੈੱਟ ਦੀਆਂ ਤਸਵੀਰਾਂ ਹਨ। ਹਨੀ ਤਹਿਰਾਨ ਇਸ ਫਿਲਮ ਦਾ ਨਿਰਦੇਸ਼ਨ ਕਰ ਰਹੇ ਹਨ। ਇਸ ਫਿਲਮ ਵਿੱਚ ਦਿਲਜੀਤ ਦੇ ਨਾਲ ਅਰਜੁਨ ਰਾਮਪਾਲ ਅਤੇ ਜਗਜੀਤ ਸੰਧੂ ਮੁੱਖ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ।



### ਕੌਣ ਸੀ ਜਸਵੰਤ ਸਿੰਘ ਖਾਲੜਾ ?

ਜਸਵੰਤ ਸਿੰਘ ਖਾਲੜਾ ਇੱਕ ਬਹਾਦਰ ਮਨੁੱਖੀ ਅਧਿਕਾਰ ਕਾਰਕੁਨ ਸੀ, ਜਿਨ੍ਹਾਂ ਨੇ ਪੰਜਾਬ ਵਿੱਚ ਬਗਾਵਤ ਦੌਰਾਨ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਕਥਿਤ ਗੈਰ-ਨਿਆਇਕ ਕਤਲਾਂ ਦਾ ਪਰਦਾਫਾਸ਼ ਕੀਤਾ ਸੀ। ਕਾਰਕੁਨਾਂ ਦੇ ਪਰਿਵਾਰ ਤੋਂ ਆਉਣ ਵਾਲੇ ਖਾਲੜਾ ਨੇ ਇੱਕ ਜਾਂਚ ਦੀ ਅਗਵਾਈ ਕੀਤੀ ਜਿਸ ਵਿੱਚ ਖੁਲਾਸਾ ਹੋਇਆ ਕਿ ਪੰਜਾਬ ਪੁਲਿਸ ਨੇ ਬਿਨਾਂ ਕਿਸੇ ਰਿਕਾਰਡ ਦੇ 25,000 ਤੋਂ ਵੱਧ ਸਿੱਖਾਂ ਨੂੰ ਅਗਵਾ ਕੀਤਾ, ਮਾਰ ਦਿੱਤਾ ਅਤੇ ਅੰਤਿਮ ਸੰਸਕਾਰ ਕੀਤਾ ਸੀ। ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਕਿ ਰਾਜ ਦੀਆਂ ਕਾਰਵਾਈਆਂ ਵਿੱਚ ਸਹਿਯੋਗ ਕਰਨ ਤੋਂ ਇਨਕਾਰ ਕਰਨ ਕਾਰਨ ਲਗਭਗ 2,000 ਪੁਲਿਸ ਅਧਿਕਾਰੀ ਮਾਰੇ ਗਏ ਸਨ। ਖਾਲੜਾ 1995 ਵਿੱਚ ਰਹੱਸਮਈ ਢੰਗ ਨਾਲ ਗਾਇਬ ਹੋ ਗਏ ਸੀ ਅਤੇ ਆਖਰੀ ਵਾਰ ਅੰਮ੍ਰਿਤਸਰ ਵਿੱਚ ਦੇਖੇ ਗਏ ਸੀ। ਲਗਭਗ ਇੱਕ ਦਹਾਕੇ ਬਾਅਦ, ਸੀਬੀਆਈ ਦੀ ਲੰਬੀ ਜਾਂਚ ਤੋਂ ਬਾਅਦ ਛੇ ਪੁਲਿਸ ਅਧਿਕਾਰੀਆਂ ਨੂੰ ਉਨ੍ਹਾਂ ਦੇ ਕਤਲ ਲਈ ਦੋਸ਼ੀ ਠਹਿਰਾਇਆ ਗਿਆ।

## ਪੰਜਾਬ 'ਚ ਹਾਲੇ ਨਹੀਂ ਨਿਕਲੇਗੀ ਧੁੱਪ, ਇਨ੍ਹਾਂ ਜ਼ਿਲ੍ਹਿਆਂ ਲਈ ਸੰਘਣੀ ਧੁੰਦ ਦਾ ਅਲਰਟ ਹੋਇਆ ਜਾਰੀ

**ਚੰਡੀਗੜ੍ਹ, 11 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਚੰਡੀਗੜ੍ਹ ਤੋਂ ਇਲਾਵਾ ਮੌਸਮ ਵਿਭਾਗ ਨੇ ਪੰਜਾਬ ਦੇ 11 ਜ਼ਿਲ੍ਹਿਆਂ ਵਿੱਚ ਅਲਰਟ ਜਾਰੀ ਕੀਤਾ ਹੈ। ਉੱਥੇ ਹੀ ਸ਼ੁੱਕਰਵਾਰ ਨੂੰ ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿੱਚ ਧੁੰਦ ਕਾਰਨ ਸੂਰਜ ਨਹੀਂ ਨਿਕਲਿਆ, ਜਿਸ ਕਾਰਨ ਦਿਨ ਦੇ ਤਾਪਮਾਨ ਵਿੱਚ 3.7 ਡਿਗਰੀ ਦੀ ਕਮੀਂ ਆਈ। ਪੰਜਾਬ ਦਾ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ 4.1 ਡਿਗਰੀ ਘੱਟ ਹੈ। ਜਦੋਂ ਕਿ ਚੰਡੀਗੜ੍ਹ ਵਿੱਚ 3.1 ਡਿਗਰੀ ਦੀ ਗਿਰਾਵਟ ਦੇਖੀ ਗਈ। ਇਸ ਦੇ ਨਾਲ ਹੀ ਚੰਡੀਗੜ੍ਹ ਦੇ ਸਕੂਲਾਂ ਦਾ ਸਮਾਂ ਬਦਲ ਦਿੱਤਾ ਗਿਆ ਹੈ। ਪੰਜਾਬ ਦੇ 11 ਜ਼ਿਲ੍ਹਿਆਂ ਵਿੱਚ ਅਲਰਟ ਜਾਰੀ ਕੀਤਾ ਗਿਆ ਹੈ। ਜਿਸ ਵਿੱਚੋਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਤਰਨਤਾਰਨ ਵਿੱਚ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਹੈ। ਇੱਥੇ ਵਿਜ਼ੀਬਲਿਟੀ 50 ਮੀਟਰ ਤੋਂ ਘੱਟ ਹੋ ਸਕਦੀ ਹੈ। ਇਸ ਦੇ ਨਾਲ ਹੀ 8 ਜ਼ਿਲ੍ਹਿਆਂ ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਮੋਗਾ, ਬਠਿੰਡਾ ਅਤੇ ਬਰਨਾਲਾ ਵਿੱਚ ਮੀਂਹ ਨੂੰ ਲੈ ਕੇ ਅਲਰਟ ਜਾਰੀ ਕੀਤਾ ਗਿਆ ਹੈ। ਇੱਥੇ ਮੀਂਹ ਅਤੇ ਬਿਜਲੀ ਦੇ ਨਾਲ-ਨਾਲ ਤੂਫ਼ਾਨ ਆਉਣ ਦੀ ਸੰਭਾਵਨਾ ਹੈ। ਚੰਡੀਗੜ੍ਹ ਪ੍ਰਸ਼ਾਸਨ ਦੇ ਸਿੱਖਿਆ ਵਿਭਾਗ ਨੇ ਠੰਡ ਅਤੇ ਸੰਘਣੀ ਧੁੰਦ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਕੂਲਾਂ ਦੇ ਸਮੇਂ ਵਿੱਚ ਤਬਦੀਲੀ ਕਰਨ ਦਾ ਹੁਕਮ ਜਾਰੀ ਕੀਤਾ ਹੈ। ਇਹ ਬਦਲਾਅ 13 ਜਨਵਰੀ, 2025 ਤੋਂ 18 ਜਨਵਰੀ, 2025 ਤੱਕ ਲਾਗੂ ਰਹੇਗਾ। ਸਰਕਾਰੀ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਸਿੰਗਲ ਸ਼ਿਫਟ ਕਲਾਸਾਂ ਲਈ ਵਿਦਿਆਰਥੀਆਂ ਦਾ ਸਮਾਂ ਸਵੇਰੇ 9:30 ਵਜੇ ਤੋਂ ਦੁਪਹਿਰ 2:30 ਵਜੇ ਤੱਕ ਨਿਰਧਾਰਤ ਕੀਤਾ ਗਿਆ ਹੈ, ਜਦੋਂ ਕਿ ਡਬਲ ਸ਼ਿਫਟ ਸਕੂਲਾਂ ਵਿੱਚ, 6ਵੀਂ ਜਮਾਤ ਅਤੇ ਇਸ ਤੋਂ ਉੱਪਰ ਦੀਆਂ ਕਲਾਸਾਂ ਦਾ ਸਮਾਂ ਉਹੀ ਰਹੇਗਾ। ਪਹਿਲੀ ਤੋਂ ਪੰਜਵੀਂ ਜਮਾਤ ਲਈ ਸਮਾਂ ਦੁਪਹਿਰ 12:30 ਵਜੇ ਤੋਂ 3:30 ਵਜੇ ਤੱਕ ਨਿਰਧਾਰਤ ਕੀਤਾ ਗਿਆ ਹੈ। ਅਧਿਆਪਕਾਂ ਦਾ ਡਿਊਟੀ ਸਮਾਂ ਸਵੇਰੇ 8:45 ਵਜੇ ਤੋਂ ਦੁਪਹਿਰ 2:45 ਵਜੇ ਤੱਕ ਹੋਵੇਗਾ। ਪ੍ਰਾਈਵੇਟ ਸਕੂਲਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸਵੇਰੇ 9:30 ਵਜੇ ਤੋਂ ਪਹਿਲਾਂ ਅਤੇ ਦੁਪਹਿਰ 3:30 ਵਜੇ ਤੋਂ ਬਾਅਦ ਕਲਾਸਾਂ ਨਾ ਲਗਾਉਣ। ਹਾਲਾਂਕਿ, ਉਨ੍ਹਾਂ ਨੂੰ ਆਪਣੀ ਸਹੂਲਤ ਅਨੁਸਾਰ ਸਮਾਂ ਨਿਰਧਾਰਤ ਕਰਨ ਦੀ ਆਜ਼ਾਦੀ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਪ੍ਰੀ-ਬੋਰਡ ਪ੍ਰੀਖਿਆਵਾਂ ਲਈ ਲੋੜ ਪੈਣ 'ਤੇ ਕਲਾਸਾਂ ਸਵੇਰੇ 9:00 ਵਜੇ ਤੋਂ ਸ਼ੁਰੂ ਕੀਤੀਆਂ ਜਾ ਸਕਦੀਆਂ ਹਨ। ਅਧਿਆਪਕਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਸਿਲੇਬਸ ਵਿੱਚ ਜੋ ਵੀ ਕਮੀ ਰਹਿ ਗਈ ਹੈ, ਉਹ ਬੱਚਿਆਂ ਨਾਲ ਮਿਲ ਕੇ ਉਸ ਨੂੰ ਪੂਰਾ ਕਰਨ ਲਈ ਕੰਮ ਕਰਨ। ਈਰਾਨ ਸਰਹੱਦ ਦੇ ਨੇੜੇ ਇੱਕ ਪੱਛਮੀ ਗੜਬੜ ਸਰਗਰਮ ਹੋ ਗਈ ਹੈ। ਜਿਸ ਕਾਰਨ ਅੱਜ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਮੌਸਮ ਵਿੱਚ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ। ਮੌਸਮ ਵਿਭਾਗ ਅਨੁਸਾਰ ਇਸ ਪੱਛਮੀ ਗੜਬੜੀ ਕਾਰਨ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਵਿੱਚ ਧੁੰਦ ਦੇਖੀ ਜਾ ਰਹੀ ਹੈ। ਇਸ ਦੇ ਨਾਲ ਹੀ, ਇਸ ਧੁੰਦ ਦਾ ਪ੍ਰਭਾਵ 14 ਜਨਵਰੀ ਤੱਕ ਰਹਿਣ ਦੀ ਉਮੀਦ ਹੈ।



## ਵਿਧਾਇਕ ਗੁਰਪ੍ਰੀਤ ਗੋਗੀ ਦੀ ਗੋਲੀ ਲੱਗਣ ਕਰਕੇ ਹੋਈ ਮੌਤ, ਸਰਕਾਰੀ ਸਨਮਾਨਾਂ ਨਾਲ ਹੋਇਆ ਅੰਤਿਮ ਸਸਕਾਰ



**ਲੁਧਿਆਣਾ, 11 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਸਿੰਘ ਗੋਗੀ ਦਾ ਸ਼ਨੀਵਾਰ ਨੂੰ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੇ ਪੁੱਤਰ ਵਿਸ਼ਵਾਸ ਬੱਸੀ ਨੇ ਚਿਖਾ ਨੂੰ ਅਗਨੀ ਦਿੱਤੀ। ਮੁੱਖ ਮੰਤਰੀ ਭਗਵੰਤ ਮਾਨ ਸਮੇਤ ਸੂਬੇ ਭਰ ਤੋਂ ਵੱਖ-ਵੱਖ ਪਾਰਟੀਆਂ ਦੇ ਆਗੂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਕੇਵੀਐਮ ਸਕੂਲ ਨੇੜੇ ਸ਼ਮਸ਼ਾਨਘਾਟ ਪਹੁੰਚੇ। ਜ਼ਿਕਰ ਕਰ ਦਈਏ ਕਿ ਸ਼ੁੱਕਰਵਾਰ ਰਾਤ ਨੂੰ ਲਗਭਗ 12 ਵਜੇ ਗੋਲੀ ਲੱਗਣ ਕਾਰਨ ਗੋਗੀ ਦੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਅਨੁਸਾਰ, ਗੋਗੀ ਘਰ ਵਿੱਚ ਆਪਣਾ ਲਾਇਸੈਂਸੀ ਪਿਸਤੌਲ ਸਾਫ਼ ਕਰ ਰਿਹਾ ਸੀ ਜਦੋਂ ਅਚਾਨਕ ਗੋਲੀ ਚੱਲ ਗਈ। ਭਗਵੰਤ ਮਾਨ ਨੇ ਕਿਹਾ- 'ਗੋਗੀ ਕਦੇ ਵੀ ਆਪਣੇ ਨਿੱਜੀ ਕੰਮ ਨਾਲ ਮੇਰੇ ਕੋਲ ਨਹੀਂ ਆਇਆ।' ਉਹ ਹਮੇਸ਼ਾ ਲੋਕਾਂ ਦੇ ਕੰਮ ਲੈ ਕੇ ਮੇਰੇ ਕੋਲ ਆਉਂਦਾ ਸੀ। ਉਨ੍ਹਾਂ ਵੱਲੋਂ ਕੀਤਾ ਕੰਮ ਹਮੇਸ਼ਾ ਯਾਦ ਰੱਖਿਆ ਜਾਵੇਗਾ। ਮੈਂ ਹਮੇਸ਼ਾ ਉਸ ਨਾਲ ਫ਼ੋਨ 'ਤੇ ਗੱਲ ਕਰਦਾ ਰਹਿੰਦਾ ਸੀ। ਪ੍ਰਮਾਤਮਾ ਉਸਨੂੰ ਆਪਣੇ ਚਰਨਾਂ ਵਿੱਚ ਥਾਂ ਦੇਵੇ। ਡੀਸੀਪੀ ਜਸਕੀਰਤ ਸਿੰਘ ਤੇਜਾ ਨੇ ਦੱਸਿਆ ਕਿ ਪਿਸਤੌਲ 25 ਬੋਰ ਦਾ ਸੀ। ਨੌਕਰ ਨੇ ਕਿਹਾ ਕਿ ਹਥਿਆਰ ਵਿੱਚੋਂ ਸਿਰਫ਼ ਇੱਕ ਗੋਲੀ ਚੱਲੀ ਸੀ। ਇਹ ਕਹਿਣਾ ਜਲਦਬਾਜ਼ੀ ਹੋਵੇਗੀ ਕਿ ਵਿਧਾਇਕ ਦੀ ਮੌਤ ਕਿਹੜੇ ਹਾਲਾਤਾਂ ਵਿੱਚ ਹੋਈ। ਉਨ੍ਹਾਂ ਕਿਹਾ ਕਿ ਅਜੇ ਤੱਕ ਡਿਪਰੈਸ਼ਨ ਵਰਗੀ ਕੋਈ ਚੀਜ਼ ਸਾਹਮਣੇ ਨਹੀਂ ਆਈ ਹੈ।




ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ
ਗੁਰੂਘਰਾਂ ਦੇ ਸੇਵਾਦਾਰ, ਸਾਰੀ ਦੁਨੀਆਂ ਵਿੱਚ ਸਿੱਖ ਧਰਮ ਸਰਬ ਸਾਂਝੀਵਾਲਤਾ ਦਾ ਪ੍ਰਚਾਰ ਅੰਮ੍ਰਿਤ ਸੰਚਾਰ ਕਰਨ,
ਪੰਥ ਦੀ ਚੜ੍ਹਦੀਕਲਾ ਲਈ ਹਰ ਸੰਘਰਸ਼ ਵਿੱਚ ਮੋਹਰੀ ਰੋਲ ਅਦਾ ਕਰਨ, ਲੋੜਵੰਦਾਂ ਦੀ ਮੱਦਦ ਕਰਨ,
ਹਰ ਸਾਲ ਗਰੀਬ ਬੱਚੀਆਂ ਦੇ ਵਿਆਹ ਕਰਨ, ਗੁਰਮਤਿ ਵਿਦਿਆ ਦਾ ਪਸਾਰ ਕਰਨ ਵਾਲੇ।
ਹਲਕਾ ਕਾਲਾਂਵਾਲੀ (ਵਾਰਡ ਨੰ: 35) ਤੋਂ ਤੁਹਾਡੇ ਆਪਣੇ ਸੇਵਾਦਾਰ ਉਮੀਦਵਾਰ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਜਥੇਦਾਰ ਭੁਪਿੰਦਰ ਸਿੰਘ ਅਸੰਧ ਪ੍ਰਧਾਨ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਸ: ਹਰਮੀਤ ਸਿੰਘ ਕਾਲਕਾ ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅਜਾਦ
ਸਰਬੱਤ ਸੰਗਤਾਂ 19 ਜਨਵਰੀ 2025 ਨੂੰ
ਚੋਣ ਨਿਸ਼ਾਨ
ਸਮੁੰਦਰੀ ਜਹਾਜ
ਦੇ ਚੋਣ ਨਿਸ਼ਾਨ ਸਮੁੰਦਰੀ ਜਹਾਜ ਦਾ ਬਟਨ
ਦਬਾਕੇ ਕੇ ਉਨਾਂ ਨੂੰ ਜਿਤਾਓ ਅਤੇ ਪੰਥ ਦੀ ਸੇਵਾ
ਵਿੱਚ ਆਪਣਾ ਯੋਗਦਾਨ ਪਾ ਕੇ
ਧੰਨਵਾਦੀ ਬਣਾਉ ਜੀ।
ਸੰਪਰਕ: 93560-60960, 93560-60953, 97284-07015


ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ
ਹਲਕਾ ਕਾਲਾਂਵਾਲੀ (ਵਾਰਡ ਨੰ: 35) ਤੋਂ
ਤੁਹਾਡੇ ਆਪਣੇ ਸੇਵਾਦਾਰ ਉਮੀਦਵਾਰ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅਜਾਦ
ਸਰਬੱਤ ਸੰਗਤਾਂ 19 ਜਨਵਰੀ 2025 ਨੂੰ
ਚੋਣ ਨਿਸ਼ਾਨ ਸਮੁੰਦਰੀ ਜਹਾਜ ਦਾ ਬਟਨ ਦਬਾਕੇ ਕੇ ਉਨਾਂ ਨੂੰ ਜਿਤਾਓ ਅਤੇ
ਪੰਥ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾ ਕੇ ਧੰਨਵਾਦੀ ਬਣਾਉ ਜੀ।
ਚੋਣ ਨਿਸ਼ਾਨ
ਸਮੁੰਦਰੀ ਜਹਾਜ
93560-60960
97284-07015


ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ
ਵਾਰਡ ਨੰ: 35, ਹਲਕਾ ਕਾਲਾਂਵਾਲੀ ਤੋਂ ਉਮੀਦਵਾਰ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅਜਾਦ
ਸੰਪਰਕ ਨੰ: 93560-60960, 93560-60953, 97284-07015
ਚੋਣ ਨਿਸ਼ਾਨ
1.
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਸਮੁੰਦਰੀ ਜਹਾਜ
2.
3.

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net



ਅਨੀਲੇ ਸਬਦੁ ਸਚੀ ਟਕਸਾਲ ॥ ਦਮਦਮੀ ਟਕਸਾਲ

ਨਾਮ ਜਪੋ ਕਿਰਤ ਕਰੋ ਵੰਡ ਛੱਕੋ | Naam Japo Kirat Karo Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**

Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**

Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**

Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**

Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net



# ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਤੇਰੇ ਜਨ ਪਰਉਪਕਾਰੀ ਆਏ

## ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼ ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ

# 100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ

# 51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ



ਸਚਖੰਡਵਾਸੀ
ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ

ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।

ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473



ਮਹੰਤ ਕਾਹਨ ਸਿੰਘ ਸੇਵਾਪੰਥੀ



ਸੰਤ ਰਣਜੀਤ ਸਿੰਘ ਸੇਵਾਪੰਥੀ

### ਵਿਸ਼ੇਸ਼ ਸਹਿਯੋਗ -

**ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ**

ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸੱਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਿਹ ॥




# ਮਹਾਨ ਸ਼ਹੀਦੀ ਸਮਾਗਮ

## 19 ਜਨਵਰੀ, 2025 (ਦਿਨ ਐਤਵਾਰ)

ਗੁਰੂ ਪਿਆਰੀ ਸਾਧ ਸੰਗਤ ਜੀ ਮੁਕਤਸਰ ਦੇ 40 ਮੁਕਤੇ ਤੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਹਰੇਕ ਸਾਲ ਦੀ ਤਰਾਂ ਸ਼ਹੀਦੀ ਸਮਾਗਮ ਹੋ ਰਿਹਾ ਹੈ । ਸਾਰੀਆਂ ਸੰਗਤਾਂ ਨੂੰ ਪਰਿਵਾਰ ਸਮੇਤ ਪਹੁੰਚਣ ਦਾ ਖੁੱਲਾ ਸੱਦਾ ਦਿੱਤਾ ਜਾਂਦਾ ਹੈ। ਆਪ ਜੀ ਸਭ ਨੇ ਪਰਿਵਾਰ ਸਮੇਤ ਪਹਉਚਣ ਕ੍ਰਿਪਾਲਤਾ ਕਰਨੀ ਜੀ। ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

--★ ਪ੍ਰੋਗਰਾਮ ★--

19 ਜਨਵਰੀ 2025 ਦਿਨ ਐਤਵਾਰ ਭੋਗ ਸ੍ਰੀ ਸਹਿਜ ਪਾਠ ਦਾ ਸਵੇਰੇ 10 ਵਜੇ

ਸ਼ਬਦ ਕੀਰਤਨ ,ਕਥਾ ਅਤੇ ਢਾਡੀ ਜਥਾ ਪ੍ਰਸੰਗ ਸੁਣਾਵੇਗਾ

ਆਪ ਜੀ ਦਾ ਸਵਾਗਤ ਕਰਤਾ **ਸਰਦਾਰ ਬਲਜੀਤ ਸਿੰਘ ਕੰਗ ਅਤੇ ਪਰਿਵਾਰ**

★ ਵਧੇਰੇ ਜਾਣਕਾਰੀ 07780605230 ★

**Address: GURDWARA BABA SANG JI**

**9 St Paul's Rd, Smethwick Birmingham B66 1EE**

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼


**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**


## ਵਾਹਿਗੁਰੂ ਜੀ ਕੀ ਖਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 10 ਫਰਵਰੀ 2025 ਤੋਂ 20 ਫਰਵਰੀ 2025 ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਵਾਰਾ ਸ਼੍ਰੀ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 10 ਫਰਵਰੀ, 2025 ਨੂੰ ਸ਼ੁਰੂ ਹੋਵੇਗੀ ਤੇ ਇੱਥੇ 20 ਫਰਵਰੀ, 2025 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਬਰੇਕਫਾਸਟ ਅਤੇ ਡਿਨਰ ਸ਼ਾਮਲ
- ਲਗਜਰੀ ਏ. ਸੀ. ਟਰਾਂਸਪੋਰਟੇਸ਼ਨ।
- ਚੰਡੀਗੜ੍ਹ ਤੋਂ ਹੈਦਰਾਬਾਦ ਅਤੇ ਵਾਪਸੀ 'ਤੇ ਹੈਦਰਾਬਾਦ ਤੋਂ ਚੰਡੀਗੜ੍ਹ ਦਾ ਸਫਰ ਹਵਾਈ ਜਹਾਜ਼ ਰਾਹੀਂ।
- ਹਰ ਧਾਰਮਿਕ ਅਤੇ ਇਤਿਹਾਸਕ ਜਾਣਕਾਰੀ ਮੁਹੱਈਆ ਕਰਵਾਉਣ ਲਈ ਗਾਈਡ ਨਾਲ ਹੋਣਗੇ।

**ਇੰਡੀਆਂ ਵਿਚ ਜੁਆਇਨ ਕਰਨ ਵਾਲਿਆਂ ਲਈ ਕੇਵਲ 1190 ਬ੍ਰਿਟਿਸ਼ ਪਾਉਂਡ ਪਰ ਯਾਤਰੀ ਹੋਵੇਗਾ।**

**ਯੂ ਕੇ ਤੋਂ ਅੰਤਰਰਾਸ਼ਟਰੀ ਹਵਾਈ ਸਫ਼ਰ ਸਮੇਤ 1890 ਬ੍ਰਿਟਿਸ਼ ਪਾਉਂਡ ਪਰ ਯਾਤਰੀ ਹੋਵੇਗਾ।**

ਬੁੱਕ ਕਰਨ ਦੇ ਲਈ 600 ਪਾਉਂਡ ਐਡਵਾਂਸ ਦੇ ਤੌਰ ਤੇ ਜਮਾ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

**ਅਕਾਊਂਟ ਨੰਬਰ ਤੇ ਡਿਟੇਲ**

**Account Name: RAGHBIR SINGH**
**Bank Name : HALIFAX**
**Sort Code : 11-08-07**
**Account No. : 00516474**


**ਸੰਪਰਕ ਨੰ. :**

**+44 7458 381111 +44 7976 210161**

**email: gnstuk@hotmail.com**


To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

*There might be an additional cost if you need direct return flight Atq –Lhr/Bhxorif your return flight is on busy dates (for example mid-term holidays etc.)

**ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।**

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ
# ਪੰਜ ਤਖ਼ਤ ਯਾਤਰਾ

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :

### 10 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 11 ਫਰਵਰੀ (ਦਿਨ 2)



ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਊਜ਼ੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖ਼ੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 12 ਫਰਵਰੀ (ਦਿਨ 3)



ਸਵੇਰੇ ਨਾਸ਼ਤੇ ਤੋਂ ਬਾਅਦ ਟਰੇਲ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੈਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋਂ ਫਿਕਸਡ ਮੈਨਿਊ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 13 ਫਰਵਰੀ (ਦਿਨ 4)



ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 14 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 15 ਫਰਵਰੀ (ਦਿਨ 6)



ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 16 ਫਰਵਰੀ (ਦਿਨ 7)



ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 17 ਫਰਵਰੀ (ਦਿਨ 8)



ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 18 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 19 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਉਜੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 20 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

**ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।**

ਆਵਾਜ਼ਿ ਕੌਮ
AWAZE QAUM

# AWAZE QAUM TOURS & TRAVELS


**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**


ਵਾਹਿਗੁਰੂ ਜੀ ਕੀ ਖਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

## PANJ TAKHAT YATRA

**Thank you for choosing us to go to PANJ TAKHAT YATRA in February 2025 (10th Feb – 20thFeb 2025). During the stay we will try to provide you with all the possible facilities to make this trip a memorable one.**

### Trip Package Includes

**Visit to Takhat Patna Sahib & other 5 Gurudwaras - Hyderabad (Museum & Char Minar) - Takhat Hazoor Sahib & other 8 Gurudwaras - Takhat Keshgarh Sahib Sahib & other 8 Gurudwaras - Damdama Sahib & other 3 Gurudwaras. - Akal Takth, Sri Harimandir Sahib, Jallianwala Bagh & Wagah Border**

- Luxury Air-conditioned Coaches
- Luxury Hotel Stay (Sarai at Hazoor Sahib)
- Domestic Flights
- Guided Tours
- Flexibility to stay in India before & after the trip

**Cost If joining from India without international flights £ 1190 per person on Twin Sharing basis**

**Cost: If joining from UK with International flights - £1890 per person on Twin Sharing basis**

Deposit of £600 per person can be transferred into the following account (please write your name as a reference): Balance amount need to be deposited 2 weeks before the travel date.

**Account Name : RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

*There might be an additional cost if you need direct return flight Atq –Lhr/Bhxorif your return flight is on busy dates (for example mid-term holidays etc.)

**Program is subject to change without Prior Notice.**

ਆਵਾਜ਼ਿ ਕੌਮ AWAZE QAUM

### JOURNEY OF A LIFE TIME
## PANJ TAKHT YATRA
### 5 TAKHAT YATRA - 10 NIGHTS / 11 DAYS

ਆਵਾਜ਼ਿ ਕੌਮ AWAZE QAUM

### 10th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 11th Feb. Day 2nd.



Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 12th Feb Day 3rd



After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 13th Feb Day4th



Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 14th Feb Day5th



Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 15th Feb. Day 6th



After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 16th Feb Day 7th



After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 17th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 18Th Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 19th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 20th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**

ਅਕਾਲ ਤਖ਼ਤ ਮਹਾਨ ਹੈ - ਸਿੱਖ ਪੰਥ ਦੀ ਸ਼ਾਨ ਹੈ

ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅਕਾਲ ਤਖ਼ਤ ਸਾਹਿਬ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਹਾਂ ਸਮਰਪਿਤ



ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

## 19 ਜਨਵਰੀ 2025 ਨੂੰ

## ਆਮ ਚੋਣਾਂ ਸਬੰਧੀ

# ਸਾਡਾ ਚੋਣ ਮੈਨੀਫੈਸਟੋ



ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁ. ਪ੍ਰ. ਕਮੇ.
ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਜ਼ਾਦ

॥ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥

1. ਸਾਡੇ ਪ੍ਰਬੰਧ ਵਿੱਚ ਗੁਰੂਘਰਾਂ ਦੀਆਂ ਸੁੰਦਰ ਇਮਾਰਤਾਂ ਦਰਬਾਰ ਸਾਹਿਬ, ਦੀਵਾਨ ਹਾਲ ਸੰਗਤਾਂ ਲਈ ਰਿਹਾਇਸ਼ੀ ਏ.ਸੀ. ਸਰਾਵਾਂ ਸਟਾਫ਼ ਦੇ ਕੁਆਰਟਰ, ਹਰਿਆਣਾ ਕਮੇਟੀ ਦਾ ਮੁੱਖ ਦਫ਼ਤਰ ਜਥੇਦਾਰ ਕਰਤਾਰ ਸਿੰਘ ਝੱਬਰ ਦੇ ਨਾਮ ਉੱਪਰ ਬਨਾਉਣ ਅਤੇ ਮਲਟੀਪਰਪਜ ਹਾਲ ਬਣਾਉਣ ਲਈ ਵੱਖ-ਵੱਖ ਮਹਾਂਪੁਰਸ਼ਾਂ ਦੀ ਕਾਰ ਸੇਵਾ ਸ਼ੁਰੂ ਕਰਵਾਈ ਗਈ ਹੈ ਅਤੇ ਕਮੇਟੀ ਵੱਲੋਂ ਸੀਮਿੰਟ ਸਰੀਆ ਕਾਰ ਸੇਵਾ ਲਈ ਭੇਂਟ ਕੀਤਾ ਜਾ ਰਿਹਾ ਹੈ, ਇੰਨ੍ਹਾਂ ਕਾਰ ਸੇਵਾਵਾਂ ਨੂੰ ਨਿਰੰਤਰ ਜਾਰੀ ਰੱਖ ਕੇ ਪੂਰਾ ਕਰਵਾਇਆ ਜਾਵੇਗਾ।

2. ਸਾਡੇ ਪ੍ਰਬੰਧ ਦੌਰਾਨ ਧਰਮ ਪ੍ਰਚਾਰ ਦੇ ਮੁੱਖ ਦਫ਼ਤਰ ਤੋਂ ਇਲਾਵਾ 3 ਸਬ-ਦਫ਼ਤਰ ਗੁਰਦੁਆਰਾ ਨਾਢਾ ਸਾਹਿਬ ਪਾਤਸ਼ਾਹੀ 10ਵੀਂ ਪੰਚਕੂਲਾ, ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ 9ਵੀਂ ਜੀਂਦ, ਗੁਰਦੁਆਰਾ ਪਾਤਸ਼ਾਹੀ 10ਵੀਂ ਸਿਰਸਾ ਵਿਖੇ ਖੋਲੇ ਗਏ ਹਨ, ਜਿੱਥੋਂ ਸਾਡੇ ਧਰਮ ਪ੍ਰਚਾਰ ਦੇ ਜੱਥੇ ਰਾਗੀ ਢਾਡੀ ਕਵੀਸ਼ਰ ਕਥਾਵਾਚਕ ਪਿੰਡਾਂ ਵਿੱਚ ਜਾ ਕੇ ਭੇਟਾ ਰਹਿਤ ਧਰਮ ਪ੍ਰਚਾਰ ਕਰ ਰਹੇ ਹਨ, ਇਸ ਧਰਮ ਪ੍ਰਚਾਰ ਦੀ ਸੇਵਾ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ।

3. ਸਾਡੇ ਪ੍ਰਬੰਧ ਦੌਰਾਨ ਨਵੀਆਂ ਕਾਰਾਂ ਲੈ ਕੇ ਧਰਮ ਪ੍ਰਚਾਰ ਦਫ਼ਤਰਾਂ ਦੇ ਜੱਥਿਆਂ ਨੂੰ ਦਿੱਤੀਆਂ ਗਈਆਂ ਹਨ, ਜਿੰਨ੍ਹਾਂ ਤੇ ਉਹ ਪਿੰਡਾਂ ਵਿੱਚ ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਲਈ ਜਾਂਦੇ ਹਨ। ਇਸ ਸੇਵਾ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ।

4. ਸਾਡੇ ਪ੍ਰਬੰਧ ਵਿੱਚ ਚੱਲ ਰਹੇ 3 ਸਕੂਲਾਂ ਵਿੱਚ ਅੰਮ੍ਰਿਤਧਾਰੀ ਸਿੱਖ ਬੱਚਿਆਂ ਦੀ ਪੜ੍ਹਾਈ ਬਿਲਕੁਲ ਫਰੀ ਕੀਤੀ ਗਈ ਹੈ, 2 ਕਾਲਜਾਂ ਵਿੱਚ ਅੰਮ੍ਰਿਤਧਾਰੀ ਸਿੱਖ ਬੱਚਿਆਂ ਨੂੰ ਵਜ਼ੀਫ਼ੇ ਦਿੱਤੇ ਗਏ ਹਨ, ਇਸ ਸੇਵਾ ਨੂੰ ਅੱਗੇ ਵੀ ਜਾਰੀ ਰੱਖਿਆ ਜਾਵੇਗਾ ।

5. ਸਾਡੇ ਪ੍ਰਬੰਧ ਤੋਂ ਪਹਿਲਾਂ ਕੀਤੀ ਗਈ ਗੁਰੂ ਕੀ ਗੋਲਕ ਦੀ ਲੁੱਟ ਨੂੰ ਮੁੜ ਗੁਰੂ ਕੀ ਗੋਲਕ ਵਿੱਚ ਭਰਵਾਇਆ ਗਿਆ ਹੈ ਅਤੇ ਮੈਂਬਰ ਦੀ ਮੈਂਬਰਸ਼ਿਪ ਰੱਦ ਕੀਤੀ ਗਈ।

6. ਸਾਡੇ ਪ੍ਰਬੰਧ ਤੋਂ ਪਹਿਲਾ 15-15 ਸਾਲ ਤੋਂ ਕੰਟਰੈਕਟ ਬੇਸ ਤੇ ਚੱਲ ਰਹੇ ਕਮੇਟੀ ਮੁਲਾਜ਼ਮਾਂ ਨੂੰ ਪੱਕੇ ਕੀਤਾ ਗਿਆ ਹੈ ਅਤੇ ਯੋਗ ਨੌਜਵਾਨਾਂ ਦੀ ਨਵੀਂ ਭਰਤੀ ਕੀਤੀ ਗਈ ਹੈ। ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਗਿਆ ਹੈ ਅਤੇ ਅੱਗੇ ਵੀ ਮੁਲਾਜ਼ਮਾਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ।

7. ਸਾਡੇ ਪ੍ਰਬੰਧ ਅਧੀਨ ਵੱਖ ਵੱਖ ਗੁਰਦੁਆਰਿਆਂ ਵਿੱਚ ਮੁਫ਼ਤ ਮੈਡੀਕਲ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਦਾ ਘੇਰਾ ਹੋਰ ਵਿਸ਼ਾਲ ਕੀਤਾ ਜਾਵੇਗਾ।

8. ਮੀਰੀ ਪੀਰੀ ਹਸਪਤਾਲ ਦਾ ਪ੍ਰਬੰਧ ਜਲਦੀ ਲੈ ਕੇ ਮੈਡੀਕਲ ਕਾਲਜ ਖੋਲ੍ਹਿਆ ਜਾਵੇਗਾ ਜਿਸ ਦੀ ਕਾਨੂੰਨੀ ਪ੍ਰਕਿਰਿਆ ਚੱਲ ਰਹੀ ਹੈ, ਤਾਂ ਕੇ ਹਰਿਆਣਾ ਦੇ ਸਿੱਖ ਬੱਚੇ ਡਾਕਟਰੀ ਦੀ ਪੜਾਈ ਕਰ ਸਕਣ।

9. ਸਾਡੇ ਵੱਲੋਂ IAS, IPS, IRS ਤੇ ਅਜਿਹੀਆਂ ਹੋਰ ਪ੍ਰਿਖਿਆਂਵਾਂ ਦੀ ਤਿਆਰੀ ਮੁਫ਼ਤ ਕਰਾਉਣ ਦੇ ਉਪਰਾਲੇ ਚੱਲ ਰਹੇ ਹਨ ਅਤੇ ਇਹਨਾਂ ਸੇਵਾਵਾਂ ਦਾ ਹੋਰ ਵਿਸਤਾਰ ਕੀਤਾ ਜਾਵੇਗਾ।

10. ਸਾਡੇ ਪ੍ਰਬੰਧ ਵਲੋਂ ਪੰਥਕ ਕਾਰਜਾਂ ਲਈ ਜੇਲਾਂ ਵਿੱਚ ਬੰਦ ਬੰਦੀ ਸਿੰਘਾਂ ਦੇ ਕਈ ਪ੍ਰੀਵਾਰਾਂ ਦੀ ਆਰਥਿਕ ਮੱਦਦ, ਕੈਂਸਰ ਆਦਿਕ ਭਿਆਨਕ ਬੀਮਾਰੀਆਂ ਤੋਂ ਪੀੜਤਾਂ ਦੀ ਆਰਥਿਕ ਮੱਦਦ ਕੀਤੀ ਜਾਂਦੀ ਹੈ ਜੋ ਨਿਰੰਤਰ ਜਾਰੀ ਰਹੇਗੀ।

11. ਸਾਡੇ ਪ੍ਰਬੰਧ ਵਲੋਂ ਲੋੜਵੰਦ ਪ੍ਰੀਵਾਰਾਂ ਦੇ ਹੋਰ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੀਆਂ ਵੀ ਫੀਸਾਂ ਭਰੀਆਂ ਗਈਆਂ ਹਨ, ਇਹ ਸੇਵਾ ਨਿਰੰਤਰ ਜਾਰੀ ਰੱਖੀ ਜਾਵੇਗੀ ਅਤੇ ਇਸ ਦਾ ਘੇਰਾ ਹੋਰ ਵਿਸ਼ਾਲ ਕੀਤਾ ਜਾਵੇਗਾ।

12. ਸਾਡੇ ਪ੍ਰਬੰਧ ਵਲੋਂ ਯਾਤਰੀ ਸਿੱਖ ਸੰਗਤਾਂ ਲਈ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਏ.ਸੀ. ਸਰਾਵਾਂ ਜਲਦ ਬਣਾਈਆਂ ਜਾਣਗੀਆਂ।

13. ਸਾਡੇ ਵਲੋਂ ਲੋੜਵੰਦ ਪ੍ਰੀਵਾਰਾਂ ਦੀਆਂ ਸੈਂਕੜੇ ਬੱਚੀਆਂ ਦੇ ਸਮੂਹਿਕ ਵਿਆਹ ਪਿਛਲੇ ਸਮੇਂ ਵਿੱਚ ਕੀਤੇ ਗਏ ਹਨ ਅਤੇ ਉਹਨਾਂ ਨੂੰ ਘਰ ਦੇ ਵਰਤੋਂ ਵਿਹਾਰ ਦਾ ਲੋੜੀਂਦਾ ਸਾਜ਼ੋਂ ਸਮਾਨ ਦੇ ਕੇ ਵਿਦਾ ਕੀਤਾ ਜਾਂਦਾ ਹੈ ਇਹ ਸੇਵਾ ਨਿਰੰਤਰ ਜਾਰੀ ਰਹੇਗੀ ਅਤੇ ਇਸ ਦਾ ਘੇਰਾ ਹੋਰ ਵਿਸ਼ਾਲ ਕੀਤਾ ਜਾਵੇਗਾ।

**ਜੋ ਕਿਹਾ - ਉਹ ਕੀਤਾ**
**ਜੋ ਕਹਾਂਗੇ - ਉਹ ਕਰਾਂਗੇ**


ਦੇਗ ਤੇਗ ਫਤਿਹ ਪੰਥ ਕੀ ਜੀਤ
ਨਸ਼ੇ ਛੱਡੋ, ਅੰਮ੍ਰਿਤ ਛਕੋ, ਸਿੰਘ ਸਜੋ
ਪੰਥ ਬਚਾਉ, ਪੰਜਾਬ ਬਚਾਉ ਰੈਲੀ
ਪੰਜਾਬ ਦੀ ਨਵੀਂ ਸਿਆਸਤ ਦਾ
ਆਗਾਜ਼
ਪੰਜਾਬ ਦੀ ਖੇਤਰੀ ਪਾਰਟੀ ਦਾ
ਐਲਾਨ
ਮਿਤੀ 14 ਜਨਵਰੀ 2025
ਮੇਲਾ ਮਾਘੀ 'ਤੇ
ਆਵਾਜ਼ਿ ਕੌਮ
AWAZE QAUM
International Newspaper & WEB TV


"IN 1947, WE ACCEPTED THE DIVISION OF OUR LAND, BUT WE CANNOT AFFORD TO MAKE THE SAME MISTAKE AGAIN. THE SIKH NATION MUST NOT COMPROMISE ON ITS VALUES."
–SANT BABA JARNAIL SINGH JI KHALSA BHINDRANWALE
ਪੰਥਕ ਕਾਨਫਰੰਸ
PANTHIC CONFERENCE
Sunday 12th January 2025
Time: 1:00 PM to 4:00 PM
- Panthic speakers from Sikh Organizations and Gurdwaras
- Tribute to Shaheed Jathedar Bhai Gurdev Singh Ji Kaunke and ALL Shaheeds
-40th Anniversary of the 1984 Genocide (Sri Darbar Sahib)
- Insightful discussion on the International Sikh Perspective in today's global context
LIVE
On
Facebook
Youtube
Joint Program by All Jathebandian & UK Gurdwaras
GURU NANAK GURDWARA SMETHWICK
@GNGSMETHWICK
0121 558 2527
INFO@GNGSMETHWICK.COM
OPEN INVITATION TO THE SANGAT, PANTHIC ORGS AND GURDWARAS


ਗ੍ਰਾਮ ਪੰਚਾਇਤ ਢੰਡੋਵਾਲ ਵੱਲੋਂ ਸ਼ਹੀਦ ਬਾਬਾ ਸੁਖਚੇਤ ਸਿੰਘ ਜੀ ਦੇ ਸ਼ਹੀਦੀ ਅਸਥਾਨਾਂ 'ਤੇ
ਸਵ: ਸ. ਨਾਜਰ ਸਿੰਘ ਜੀ ਦੀ ਯਾਦ ਨੂੰ ਸਮਰਪਿਤ
58ਵਾਂ ਸਲਾਨਾ ਛਿੰਝ ਮੇਲਾ ਢੰਡੋਵਾਲ
14 ਜਨਵਰੀ 2025 ਮੰਗਲਵਾਰ
ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)
ਪਟਕੇ ਦੀ ਕੁਸ਼ਤੀ
ਭੁਪਿੰਦਰ ਅਜਨਾਲਾ (ਪੰਜਾਬ ਕੇਸਰੀ)
ਪ੍ਰਿਤਪਾਲ ਫਗਵਾੜਾ (ਭਾਰਤ ਕੇਸਰੀ)
ਇਸ ਤੋਂ ਇਲਾਵਾ ਸਹਿਬਾਜ਼ ਆਲਮਗੀਰ, ਗੌਰਵ ਅਜਨਾਲਾ, ਸੁਰਿੰਦਰ ਸ਼ਾਹਕੋਟ, ਸੂਜਲ ਫਗਵਾੜਾ, ਨੂਰ ਆਲਮਗੀਰ, ਮੁਕੇਸ਼ ਕੌਹਾਲੀ, ਅਜੇ ਪਾਲ ਖੰਨਾ, ਜੱਸਾ ਫਗਵਾੜਾ
ਨੋਟ: ਸਿਰਫ਼ ਸੱਦੇ ਹੋਏ ਅਖਾੜਿਆਂ ਦੇ ਪਹਿਲਵਾਨਾਂ ਦੀਆਂ ਹੀ ਕੁਸ਼ਤੀਆਂ ਹੋਣਗੀਆਂ।
ਵੱਲੋਂ: ਗ੍ਰਾਮ ਪੰਚਾਇਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀ ਪਿੰਡ ਢੰਡੋਵਾਲ
ਸੰਪਰਕ: 98151-02950, 82840-32366, 97798-12352
ਛਿੰਝ ਮੇਲੇ ਦਾ ਲਾਈਵ ਪ੍ਰਸਾਰਣ
ਆਵਾਜ਼ਿ ਕੌਮ AWAZE QAUM WEB TV
'ਤੇ ਦੇਖਿਆ ਜਾ ਸਕਦਾ ਹੈ।


ਗੁਰੂ ਗੋਬਿੰਦ ਸਿੰਘ ਜੀ
ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥


ਪ੍ਰਕਾਸ਼ ਗੁਰਪੁਰਬ
ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਪ੍ਰਕਾਸ਼ ਪੁਰਬ
ਦੀਆਂ ਲੱਖ-ਲੱਖ ਵਧਾਈਆਂ
ਕਥਾ ਵਿਚਾਰ
ਮਿਤੀ 06/01/2025
ਤੋਂ 12/01/2025
ਸਮਾਂ 6:15pm
ਗੁਰੂ ਹਰਿਗੋਬਿੰਦ ਸਾਹਿਬ ਜੀ
ਟਿਵਿਡੇਲ ਬਰਮੀਗਮ
ਗਿਆਨੀ ਬਘੇਲ ਸਿੰਘ ਜੀ

ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ॥

BY HIS COMMAND WE COME, AND BY HIS COMMAND WE GO; BY HIS COMMAND, WE MERGE IN ABSORPTION.

# SHINDO 'PINDI' KAUR MANDAIR

# ਬੀਬੀ ਪਿੰਦੀ ਕੌਰ ਮੰਡੇਰ

2nd July 1948- 29th December 2024



ਆਵਾਜ਼ਿ ਕੌਮ AWAZE QAUM International Newspaper & WEB TV

## WEDNESDAY 15TH JANUARY 2025

ਅੰਤਮ ਦਰਸ਼ਨ ANTAM DARSHAN: 11:45 AM
GURDWARA NANAKSAR, 3 PETERBOROUGH ROAD,
SOUTHAMPTON, SO14 6HY

ਅੰਤਮ ਸੰਸਕਾਰ ANTAM SANSKAR: 1PM
SOUTHAMPTON CREMATORIUM, BASSETT GREEN ROAD,
SOUTHAMPTON, SO16 3QB

ਸ੍ਰੀ ਸਹਿਜ ਪਾਠ ਦੇ ਭੋਗ ਅਤੇ ਗੁਰੂ ਕਾ ਲੰਗਰ - FOLLOWED BY SEHAJ PATH BHOG AND GURU KA LANGAR GURDWARA NANAKSAR




### ਦਸ਼ਮੇਸ਼ ਵਿਦਿਅਕ ਸੰਸਥਾਵਾਂ ਮਹਿਤਾ ਚੌਂਕ ਵਿਖੇ

# ਸ਼ਾਨਦਾਰ ਕਾਰਨੀਵਲ ਫੈਸਟੀਵਲ ਦਾ ਆਯੋਜਨ ਕੀਤਾ ਗਿਆ

**ਚੌਂਕ ਮਹਿਤਾ, 11 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਸ਼ਮੇਸ਼ ਵਿੱਦਿਅਕ ਸੰਸ਼ਥਾਵਾਂ ਮਹਿਤਾ ਚੌਂਕ ਵਿਖੇ 11 ਜਨਵਰੀ 2025 ਨੂੰ ਸ਼ਾਨਦਾਰ ਕਾਰਨੀਵਾਲ ਦਾ ਆਯੋਜਨ ਕੀਤਾ ਗਿਆ।ਇਸ ਫੈਸਟੀਵਲ ਦਾ ਆਯੋਜਨ ਦਸ਼ਮੇਸ਼ ਪਬਲਿਕ ਸੀਨੀ.ਸੈਕੰ.ਸਕੂਲ ਅਤੇ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਮਹਿਤਾ ਚੌਂਕ ਦੇ ਪ੍ਰਬੰਧਕਾਂ ਅਤੇ ਅਧਿਆਪਕਾਂ ਦੁਆਰਾ ਬੜੇ ਹੀ ਚਾਅ ਨਾਲ ਕੀਤਾ ਗਿਆ।ਇਸ ਕਾਰਨੀਵਲ ਫੈਸਟੀਵਲ ਵਿੱਚ ਦਸ਼ਮੇਸ ਪਬਲਿਕ ਸਕੂਲ ਅਤੇ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ ਦੇ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਵੱਲੋਂ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ ਗਿਆ ਮਾਪਿਆਂ ਨੇ ਆਪਣੇ ਬੱਚਿਆਂ ਦੀ ਵਿਦਿਅਕ ਕਾਰਗੁਜ਼ਾਰੀ ਬਾਰੇ ਅਧਿਆਪਕਾਂ ਨਾਲ ਮਿਲਣੀ ਕੀਤੀ ਅਤੇ ਆਪਣੇ ਵਿਚਾਰ ਸਾਂਝੇ ਕੀਤੇ ।ਕਾਰਨੀਵਲ ਵਿੱਚ ਰੁਮਾਂਚਕ ਅਤੇ ਨਵੀਆਂ ਖੇਡਾਂ ,ਅਨੋਖੀਆਂ ਸਵਾਰੀਆਂ ,ਕਲਾ ਪ੍ਰਦਰਸ਼ਨੀਆਂ ਅਤੇ ਲਾਈਵ ਪ੍ਰਦਰਸ਼ਨ ਸ਼ਾਮਿਲ ਰਿਹਾ।ਵਿਦਿਆਰਥੀਆਂ ਦੇ ਨਾਲ-ਨਾਲ ਮਾਪਿਆ ਨੇ ਵੀ ਇਸ ਸਮਾਰੋਹ ਦਾ ਭਰਪੂਰ ਅਨੰਦ ਮਾਣਿਆ ।ਮਾਪਿਆਂ ਦੁਆਰਾ ਇਸ ਕਾਰਨੀਵਲ ਫੈਸਟੀਵਲ ਦੀ ਭਰਪੂਰ ਸ਼ਲਾਘਾ ਕੀਤੀ ਗਈ ।ਸਕੂਲ ਦੇ ਪ੍ਰਬੰਧਕਾਂ ਨੇ ਵੀ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਇਸ ਪ੍ਰਕਾਰ ਦੇ ਨਵੇਂ-ਨਵੇਂ ਤਜਰਬੇ ਅਤੇ ਕਲਾਵਾਂ ਨਾਲ ਮੌਕੇ ਦੇ ਮੌਕੇ ਜਾਣੂ ਕਰਵਾਉਣ ਦਾ ਭਰੋਸਾ ਦਵਾਇਆ। ਇਸ ਕਾਰਨੀਵਲ ਫੈਸਟੀਵਲ ਵਿੱਚ ਸੰਸਥਾ ਦੇ ਚੈਅਰਮੈਨ ਸ.ਗੁਰਦੀਪ ਸਿੰਘ ਰੰਧਾਵਾ,ਮੈਨੇਜਰ ਸ.ਹਰਸ਼ਦੀਪ ਸਿੰਘ ਰੰਧਾਵਾ,ਪ੍ਰਿੰਸੀਪਲ ਮੈ.ਗੁਰਬੀਰ ਕੌਰ,ਸ.ਮਨਪ੍ਰੀਤ ਸਿੰਘ ਟੱਕਰ (ਡਾਇਰੈਕਟਰ ਦਸ਼ਮੇਸ਼ ਪਬਲਿਕ ਸਕੂਲ),ਮੈ. ਹਰਪ੍ਰੀਤ ਕੌਰ (ਡਾਇਰੈਕਟਰ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ),ਮੈ. ਬਲਜੀਤ ਕੌਰ,ਮੈ. ਰਵਿੰਦਰ ਕੌਰ ਆਦਿ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸਟਰੋਂਗ ਮਟੈਲਿਟੀ ਅਹੁਦਿਆਂ ਦੀ ਮੁਹਤਾਜ ਨਹੀਂ ਹੁੰਦੀ

**ਸਿਆਣੇ** ਕਹਿੰਦੇ ਨੇ ਜੇ ਕਿਸੇ ਦਾ ਅਸਲੀ ਚਿਹਰਾ ਦੇਖਣਾ ਹੋਵੇ ਜਾਂ ਮਾਨਸਿਕਤਾ ਨੂੰ ਸਮਝਣਾ ਹੋਵੇ ਤਾਂ ਉਸ ਵਿਅਕਤੀ ਵਿਸ਼ੇਸ਼ ਦੇ ਹੱਥ ਵਿੱਚ ਜਦੋਂ ਪਾਵਰ ਹੋਵੇ ਉਦੋਂ ਉਸ ਦੇ ਫੈਸਲੇ ਤੋਂ ਪਤਾ ਚੱਲਦਾ ਹੈ ਕੀ ਉਸਦੀ ਮਾਨਸਿਕਤਾ ਦਾ ਲੈਵਲ ਕੀ ਹੈ ।ਸਟਰੋਂਗ ਮਟੈਲਿਟੀ ਅਹੁਦਿਆਂ ਦੀ ਮੁਹਤਾਜ ਨਹੀਂ ਹੁੰਦੀ । ਜੇ ਜੱਜ ਦੀ ਕੁਰਸੀ ਤੇ ਬੈਠਾ ਬੰਦਾ ਆਪਣੇ ਅਹੁਦੇ ਨਾਲ ਵਫਾ ਨਾ ਕਰੇ ਜਾਂ ਆਪਣੇ ਅਹੁਦੇ ਦੀ ਪਾਵਰ ਨੂੰ ਨਿਜ ਸਵਾਰਥ ਲਈ ਵਰਤੇ । ਐਸੇ ਉੱਚ ਅਹੁਦਿਆਂ ਤੇ ਬੈਠੇ ਲਾਹਣਤਾਂ ਤੋਂ ਸਿਵਾਏ ਕੁਛ ਨਹੀਂ ਖੱਟਦੇ । ਐਸੇ ਅਹੁਦਿਆਂ ਤੇ ਬੈਠੇ ਲੂੰਬੜ ਚਾਲਾਂ ਚੱਲਣ ਵਾਲੇ ਭਤੀਜੇ ਭਾਣਜਿਆਂ ਨੂੰ ਸ਼ਾਹਿ ਦੇ ਕੇ ਆਪਣੀ ਮਿਹਨਤ ਨਾਲ ਧਰਤੀ ਦਾ ਸੀਨਾ ਪਾੜ ਕੇ ਉੱਗੇ ਮਿਹਨਤ ਕਸ਼ ਅਤੇ ਸਟਰੋਂਗ ਮਾਨਸਿਕਤਾ ਵਾਲੇ ਕਿਰਦਾਰਾਂ ਦਾ ਕੱਖ ਨਹੀਂ ਵਿਗਾੜ ਸਕਦੇ, ਸਿਵਾਏ ਨੀਵਾਂ ਦਿਖਾਉਣ ਦੇ । ਐਸੇ ਲੂੰਬੜਚਾਲ ਚੱਲਣ ਵਾਲੇ ਉੱਚ ਅਹੁਦਿਆਂ ਤੇ ਬੈਠੇ ਇਹ ਜਾਣ ਲੈਣ ਕਿ ਤੁਹਾਡੇ ਕੋਲੇ ਪਾਵਰ ਸੀਮਤ ਸਮੇਂ ਲਈ ਹੈ ।ਪਾਵਰ ਰਹਿਣੀ ਉਦੋਂ ਤੱਕ ਹੈ ਜਦੋਂ ਤੱਕ ਅੱਗੇ ਕੋਈ ਬੰਸਰੀ ਵਾਲਾ ਨਹੀਂ ਟੱਕਰਦਾ ।ਤੁਸੀਂ ਉਦੋਂ ਤੱਕ ਹੀ ਇਹਨਾਂ ਕੁਰਸੀਆਂ ਤੇ ਬੈਠੇ ਹੋ ਜਦੋਂ ਤੱਕ ਸਾਹਮਣੇ ਵਾਲਾ ਬਰਦਾਸ਼ਤ ਕਰ ਰਿਹਾ ਹੈ ।ਪੰਜਾਬੀ ਦਾ ਇੱਕ ਮੁਹਾਵਰਾ ਹੈ, ਅੱਕਿਆ ਬੰਦਾ ਅੱਕ ਚੱਬ ਜਾਂਦਾ ਹੈ ।ਤੇ ਮੈਂ ਪਾਵਰਫੁਲ ਸ਼ਬਦਾਂ ਦੀ ਸੁਨਾਮੀ ਮੂਰੇ ਗਿਰੀ ਹੋਈ ਤੇ ਹੋਸ਼ੀ ਮਾਨਸਿਕਤਾ ਨੂੰ ਮਲੀਆ ਮੇਟ ਹੁੰਦੇ ਦੇਖਿਆ । ਇੱਕ ਗੱਲ ਯਾਦ ਰੱਖਿਓ ਸਮਾਂ ਹਮੇਸ਼ਾ ਇੱਕੋ ਤਰ੍ਹਾਂ ਦਾ ਨਹੀਂ ਰਹਿੰਦਾ ।



ਸਿਆਣੇ ਕਹਿੰਦੇ ਨੇ ਚਾਚੇ ਮਾਮਿਆਂ ਦੇ ਸਿਰ ਤੇ ਉਹ ਛਾਲਾ ਮਾਰਦੇ ਨੇ, ਜਿਨਾਂ ਦੀਆਂ ਆਪਣੀਆਂ ਲੱਤਾਂ ਭਾਰ ਨਹੀਂ ਝਲਦੀਆਂ ।ਚਾਚਾ ਮਾਮਿਆਂ ਦੇ ਸਿਰ ਛਾਲਾ ਮਾਰਨ ਵਾਲਿਆਂ ਨੂੰ ਤੁਸੀਂ ਅੰਗੂਠਾ ਚੁੰਗ ਦੇ ਬੱਚੇ ਹੀ ਸਮਝੋ ਕਿਉਂਕਿ ਉਹ ਚੀਕ ਚੀਘਾੜਾ ਉਦੋਂ ਤੱਕ ਹੀ ਬੰਦ ਰੱਖਦੇ ਨੇ, ਜਦੋਂ ਤੱਕ ਮੂੰਹ ਚ ਅੰਗੂਠਾ ਹੁੰਦਾ ।

**-ਪਰਗਟ ਸਿੰਘ ਬਲਬੇੜਾ, 9022000070**

ਆਵਾਜ਼ਿ ਕੌਮ AWAZE QAUM International Newspaper & WEB TV




# ਪੁਲਿਸ ਵੱਲੋਂ ਕੇਂਦਰੀ ਜੇਲ੍ਹ ਵਿਖੇ ਚਲਾਇਆ ਗਿਆ ਸਰਚ ਅਭਿਆਨ





**ਬਠਿੰਡਾ, 10 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਸੀਨੀਅਰ ਪੁਲਿਸ ਕਪਤਾਨ ਮੈਡਮ ਅਮਨੀਤ ਕੌਂਡਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸ਼੍ਰੀ ਨਰਿੰਦਰ ਸਿੰਘ, ਐੱਸ.ਪੀ (ਸਿਟੀ) ਦੀ ਅਗਵਾਈ ਹੇਠ ਬਠਿੰਡਾ ਪੁਲਿਸ ਦੀਆਂ ਵੱਖ-ਵੱਖ ਟੀਮਾਂ ਵੱਲੋਂ ਮਾੜੇ ਅਨਸਰਾਂ, ਨਸ਼ਾ ਤਸਕਰਾਂ ਅਤੇ ਜੇਲ੍ਹਾਂ ਵਿੱਚ ਬੰਦ ਗੈਂਗਸਟਰਾਂ ਦੀਆਂ ਅਪਰਾਧਿਕ ਅਤੇ ਹੋਰ ਗਤੀਵਿਧੀਆਂ ਤੇ ਨਜ਼ਰ ਰੱਖਣ ਲਈ ਸੈਂਟਰਲ ਜੇਲ੍ਹ ਬਠਿੰਡਾ ਵਿਖੇ ਅੱਜ ਸਰਚ ਅਭਿਆਨ ਕੀਤਾ ਗਿਆ। ਇਸ ਸਰਚ ਅਭਿਆਨ ਦੀ ਅਗਵਾਈ ਐੱਸ.ਪੀ ਸਿਟੀ ਨਰਿੰਦਰ ਸਿੰਘ ਵੱਲੋਂ ਕੀਤੀ ਗਈ ਅਤੇ ਇਸ ਮੌਕੇ ਇੱਕ ਐੱਸ.ਪੀ, 3 ਡੀ.ਐੱਸ.ਪੀਜ਼, 4 ਐੱਸ.ਐੱਚ.ਓਜ਼, ਸੀ.ਆਈ.ਏ-1/2 ਅਤੇ 100 ਦੇ ਕਰੀਬ ਪੁਲਿਸ ਮੁਲਾਜਮ ਮੌਕੇ 'ਤੇ ਸ਼ਾਮਲ ਸਨ। ਇਸ ਮੌਕੇ ਸ਼੍ਰੀ ਨਰਿੰਦਰ ਸਿੰਘ ਐੱਸ.ਪੀ ਸਿਟੀ ਨੇ ਪ੍ਰੈੱਸ ਬਿਆਨ ਜਾਰੀ ਕਰਦੇ ਦੱਸਿਆ ਹੈ ਕਿ ਵੱਖ-ਵੱਖ ਚੈਕਿੰਗ ਟੀਮਾਂ ਬਣਾ ਕੇ ਅੱਜ ਸਵੇਰੇ 7 ਵਜੇ ਕੇਂਦਰੀ ਜੇਲ ਵਿੱਚ ਤਲਾਸ਼ੀ ਮੁਹਿੰਮ ਚਲਾਈ ਗਈ। ਇਹ ਮੁਹਿੰਮ ਤਕਰੀਬਨ 3 ਘੰਟੇ ਤੱਕ ਚੱਲੀ, ਇਸ ਦੌਰਾਨ ਵੱਖ-ਵੱਖ ਟੀਮਾਂ ਵੱਲੋਂ ਜਿਹਨਾਂ ਦੀ ਅਗਵਾਈ ਇੱਕ ਐੱਸ.ਐੱਚ.ਓਜ਼ ਪੱਧਰ ਦਾ ਅਧਿਕਾਰੀ ਕਰ ਰਿਹਾ ਸੀ ਨੇ ਜੇਲ ਦਾ ਚੱਪਾ-ਚੱਪਾ ਖੁੰਗਾਲਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਜੇਲ੍ਹ ਦੇ ਸਾਰੇ ਸਿਕਉੂਰਟੀ ਜੋਨਾਂ ਅਤੇ ਬੈਰਕਾਂ ਦੀ ਵੀ ਤਲਾਸ਼ੀ ਲਈ ਗਈ, ਜਿਸ ਦੌਰਾਨ 20 ਗਰਾਮ ਹੈਰੋਇਨ ਅਤੇ 4 ਨੁਕੀਲੇ ਹਥਿਆਰ ਬਰਾਮਦ ਕੀਤੇ ਗਏ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਇਸ ਤਰ੍ਹਾਂ ਦੀਆਂ ਤਲਾਸ਼ੀ ਮੁਹਿੰਮਾਂ ਚਲਾਈਆਂ ਜਾਣਗੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸ. ਸਿਮਰਨਜੀਤ ਸਿੰਘ ਮਾਨ ਸਾਡਾ ਸੁਲਝਿਆ ਹੋਇਆ ਜਰਨੈਲ

ਅਕਾਲੀ ਦਲ ਦਾ ਨਾਮ ਵਰਤ ਕੇ ਉੱਭਰਦੇ ਨਵੇਂ ਟੋਲੇ ਮਾਨ ਸਾਹਿਬ ਦੀ ਉਂਗਲ ਫੜ ਕੇ ਤੁਰਨਾ ਸਿੱਖਦੇ ਹਨ, ਮਾਨ ਸਾਹਿਬ ਨਾਲ ਫੋਟੋਆਂ ਖਿਚਵਾ ਕੇ ਖੁਦ ਆਪਣੀ ਪਹਿਚਾਣ ਬਣਾਉਂਦੇ ਹਨ ਅਤੇ ਬਾਅਦ ਵਿੱਚ ਮਾਨ ਸਾਹਿਬ ਦੇ ਬਰਾਬਰ ਦੀ ਪੱਦਵੀ ਭਾਲਦੇ ਹਨ। ਬੱਸ ਇਹੋ ਜਿਹੇ ਲੋਕ ਹੀ ਸ਼ਿਕਾਰ ਬਣਦੇ ਹਨ ਜ਼ਾਲਮ ਹਕੂਮਤਾਂ ਦਾ। ਕਿਉਂਕਿ ਹਕੂਮਤਾਂ ਨੂੰ ਪਤਾ ਹੁੰਦਾ ਹੈ ਕਿ ਕਿਸ ਤਰਾਂ ਖਰੀਦਣਾ ਹੈ ਤੇ ਕਿੱਥੇ ਵਰਤਣਾ ਹੈ।

--

ਸ. ਸਿਮਰਨਜੀਤ ਸਿੰਘ ਮਾਨ ਸਾਡਾ ਇੱਕ ਸੁਲਝਿਆ ਹੋਇਆ ਜਰਨੈਲ ਹੈ, ਉਸ ਦਾ ਹਰ ਲਫਜ਼ ਅਤੇ ਹਰ ਤਨਜ਼ ਜਰੂਰ ਕੁਝ ਨਾ ਕੁਝ ਮਾਇਨੇ ਰੱਖਦਾ ਹੈ

--

ਸ. ਸਿਮਰਨਜੀਤ ਸਿੰਘ ਮਾਨ ਜੀ ਬਹੁਤ ਹੀ ਸੁਲਝੇ ਹੋਏ ਇਨਸਾਨ ਹਨ। ਉਨਾਂ ਵੱਲੋਂ ਕਹੇ ਹਰ ਸ਼ਬਦ ਦੀ ਅਹਮਿਯਤ ਹੁੰਦੀ ਹੈ। ਦਰਅਸਲ ਅੱਜ ਕੱਲ ਹਰ ਕੋਈ ਖੁਦ ਨੂੰ ਸਮਝਦਾਰ ਸਮਝਦਾ ਹੈ ਅਤੇ ਬੇਢੰਗੀ ਬਿਆਨਬਾਜੀ ਕਰਦੇ ਰਹਿੰਦੇ ਹਨ। ਪਰ ਮਾਨ ਸਾਹਿਬ ਹਮੇਸ਼ਾਂ ਆਪਣੀ ਜ਼ਿੰਦਗੀ ਦੇ ਤਜ਼ਰਬੇ ਨਾਲ ਗੱਲ ਕਰਦੇ ਹਨ। ਮੈਂ ਖੁਦ ਕਈ

ਆਵਾਜ਼ਿ ਕੌਮ
AWAZE QAUM
International Newspaper & WEB TV

ਵਾਰ ਮਾਨ ਸਾਹਿਬ ਦੇ ਜਵਾਬ ਦੇਣ ਦੇ ਤਰੀਕੇ ਨੂੰ ਘੋਖ ਨਾਲ ਵਾਚਿਆ ਹੈ। ਕਿਸੇ ਵੀ ਚਰਚਾ ਦਾ ਅੰਤ ਉੱਥੇ ਹੀ ਹੁੰਦਾ ਹੈ ਜੋ ਮਾਨ ਸਾਹਿਬ ਸ਼ੁਰੂਆਤੀ ਦੌਰ ਵਿੱਚ ਦੱਸ ਦਿੰਦੇ ਹਨ। ਮੈਂ ਖੁਦ ਉਨਾਂ ਕੋਲ਼ੋਂ ਬਹੁਤ ਕੁਝ ਸਿੱਖ ਰਹੀ ਹਾਂ। ਸਭ ਨੂੰ ਬੜਾ ਸ਼ੌਂਕ ਹੁੰਦਾ ਹੈ ਕਿ ਮੇਰੀ ਪਾਰਟੀ ਹੋਵੇ, ਮੈਂ ਪਾਰਟੀ ਦਾ ਪ੍ਰਧਾਨ ਬਣਾ। ਪਰ ਕਿਸੇ ਵੀ ਸੰਸਥਾ ਦੀ ਜਾਂ ਕਿਸੇ ਜਥੇਬੰਦੀ ਦੀ ਅਗਵਾਈ ਕਰਨਾ ਕੋਈ ਛੋਟੀ ਗੱਲ ਨਹੀਂ ਹੁੰਦੀ। ਕਿਸੇ ਸੰਸਥਾ ਜਾਂ ਕਿਸੇ ਜਥੇਬੰਦੀ ਦਾ ਆਗੂ ਹੋਣਾ ਇੱਕ ਕਿਰਦਾਰ ਦਾ ਹੋਣਾ ਹੁੰਦਾ ਹੈ। ਕਿਰਦਾਰ ਤੋਂ ਭਾਵ ਉਸਦੀ ਇੱਕ ਛਵੀ ਹੁੰਦੀ ਹੈ, ਇੱਕ ਅਹਿਮੀਅਤ ਹੁੰਦੀ ਹੈ, ਸਮਾਜ ਵਿੱਚ, ਉਸਦੀ ਕੌਮ ਦੇ ਵਿੱਚ, ਸਮਾਜਿਕ ਪੱਧਰ 'ਤੇ ਰਾਜਨੀਤਿਕ ਪੱਧਰ 'ਤੇ ਅਤੇ ਪੂਰੇ ਵਿਸ਼ਵ ਪੱਧਰ 'ਤੇ। ਹਰ ਕੋਈ ਅੱਜ ਆਗੂ ਬਣਨਾ ਚਾਹੁੰਦਾ ਹੈ। ਹਰ ਕੋਈ ਪ੍ਰਧਾਨ ਬਣਨਾ ਚਾਹੁੰਦਾ ਹੈ। ਹਰ ਕੋਈ ਅੱਜ ਆਪਣਾ ਇੱਕ ਪਾਰਟੀ ਬਣਾਉਣਾ ਚਾਹੁੰਦਾ ਹੈ। ਪਾਰਟੀ ਬਣੇ ਕੋਈ ਹਰਜ ਨਹੀਂ, ਬਣਾਉਣੀ ਵੀ ਚਾਹੀਦੀ ਹੈ। ਪਰ ਜਦੋਂ ਅਸੀਂ ਆਪਣੇ ਕਿਰਦਾਰ ਤੋਂ ਹੱਟ ਜਾਦੇ ਹਾਂ ਤਾਂ ਉਸਦਾ ਛਵੀ ਉੱਤੇ ਬਹੁਤ ਬੁਰਾ ਅਸਰ ਵੀ ਪੈਂਦਾ ਹੈ। ਮੈਂ ਇੱਥੇ ਗੱਲ ਕਰਾਂਗੀ ਜਿਹੜੀ ਅੰਮ੍ਰਿਤਪਾਲ ਵੀਰ ਦੀ ਪਾਰਟੀ ਬਣਨ ਜਾ ਰਹੀ ਹੈ। ਅੰਮ੍ਰਿਤਪਾਲ ਵੀਰ ਬਾਰੇ ਕੋਈ ਵੀ ਗੱਲ ਕਰਨੀ ਬਹੁਤ ਜਲਦਬਾਜ਼ੀ ਹੋਵੇਗੀ ਕਿਉਂਕਿ ਜਦੋਂ ਤੱਕ ਅੰਮ੍ਰਿਤਪਾਲ ਦੇ ਵਿਚਾਰ ਅਸੀਂ ਖੁਦ ਨਹੀਂ ਸੁਣ ਲੈਂਦੇ ਉਦੋਂ ਤੱਕ ਵੀਰ ਬਾਰੇ ਕੁਝ ਵੀ ਕਹਿਣਾ ਗਲਤ ਹੋਵੇਗਾ। ਬਾਕੀ ਸਮੇਂ ਨੇ ਹਰ ਪਰਤ ਤੋਂ ਧੂੜ ਚੁੱਕ ਹੀ ਦੇਣੀ ਹੁੰਦੀ ਹੈ। ਬੱਸ ਫਿਕਰ ਇਹ ਹੈ ਕਿ ਸਿੱਖ ਕੌਮ ਦੇ ਪਹਿਲਾਂ ਵੀ ਬਹੁਤ ਸਿੱਖ ਆਗੂਆਂ ਦਾ ਸ਼ਿਕਾਰ ਜ਼ਾਲਮ ਹਕੂਮਤਾਂ ਨੇ ਖੇਡਿਆ ਹੈ ਅਤੇ ਹੁਣ ਵੀ ਖਦਸ਼ਾ ਹੈ ਕਿ ਪਰਿਵਾਰ ਨੂੰ ਮੋਹਰਾ ਬਣਾ ਕੇ ਕੁਝ ਨੋਜਵਾਨ ਆਗੂਆਂ ਦੀ ਬਲੀ ਦੇ ਦਿੱਤੀ ਜਾਵੇ। ਸ.ਸਿਮਰਨਜੀਤ ਸਿੰਘ ਮਾਨ ਸਿੱਖ ਕੌਮ ਦਾ ਉਹ ਮੁੱਢ ਹੈ ਜਿਸ ਦੀਆਂ ਜੜ੍ਹਾਂ ਇੰਨੀਆਂ ਜ਼ਿਆਦਾ ਵਿਸ਼ਾਲ ਹਨ ਕਿ ਜ਼ਾਲਮ ਸਰਕਾਰ ਵੱਲੋਂ ਉਸ ਨੂੰ ਉਖਾੜਨਾ ਨਾਮੁਮਕਿਨ ਹੈ। ਇਸ ਲਈ ਜ਼ਾਲਮ ਹਕੂਮਤ ਨੇ ਨਵੀਂ ਧਾਰਮਿਕ ਸਿਆਸੀ ਚਾਲ ਚੱਲੀ ਹੈ। ਨਵੇਂ ਉੱਠ ਰਹੇ ਸਿੱਖ ਆਗੂ ਬੇਸ਼ੱਕ ਆਪਣੀ ਵੱਖਰੀ ਰਾਜਨੀਤਿਕ ਪਾਰਟੀ ਬਣਾ ਕੇ ਉੱਭਰਣਾ ਚਾਹੁੰਦੇ ਹਨ, ਪਰ ਉਹ ਕਦੇ ਵੀ ਸ. ਸਿਮਰਨਜੀਤ ਸਿੰਘ ਮਾਨ ਦਾ ਮੁਕਾਬਲਾ ਨਹੀਂ ਕਰ ਸਕਦੇ। ਇਸ ਦਾ ਪ੍ਰਤੱਖ ਅੱਜ ਤੋਂ ਪਹਿਲਾਂ ਵੀ ਕਈ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਦੇ ਨਾਮ ਨਾਲ ਹੋਂਦ ਵਿੱਚ ਆਈਆਂ ਅਤੇ ਫਿਰ ਦੁਬਾਰਾ ਆਪਸ ਵਿੱਚ ਹੀ ਮਿਲ ਗਈਆਂ। ਅਕਾਲੀ ਦਲ ਬਾਦਲ ਨੇ ਪੰਜਾਬ ਦੀ ਸਿਆਸਤ ਤੇ ਕਈ ਸਾਲ ਰਾਜ ਜ਼ਰੂਰ ਕੀਤਾ ਪਰ ਉਨਾਂ ਨੇ ਵੀ ਸ.ਸਿਮਰਨਜੀਤ ਸਿੰਘ ਮਾਨ ਦਾ ਨਾਮ ਵਰਤ ਕੇ ਰਾਜ ਕੀਤਾ। ਮਾਨ ਸਾਹਿਬ ਨੂੰ ਗਲਤ ਠਹਿਰਾ ਕੇ ਪੰਜਾਬ ਦੀ ਜਨਤਾ ਨੂੰ ਬੇਵਕੂਫ ਬਣਾ ਕੇ ਆਪਣੀ ਕੁਰਸੀ ਕਾਇਮ ਕੀਤੀ। ਧਿਆਨਯੋਗ ਹੈ ਕਿ ਬਾਦਲ ਅਕਾਲੀਆਂ ਦੀ ਇਸ ਸਿਆਸਤ ਦਾ ਮਾਨ ਸਾਹਿਬ ਦੇ ਕਿਰਦਾਰ ਨੂੰ ਕੋਈ ਫਰਕ ਨਹੀਂ ਪਿਆ। ਬਲਕਿ ਫ਼ਰਕ ਪਿਆ ਪੰਜਾਬ ਦੀ ਜਨਤਾ ਨੂੰ, ਫ਼ਰਕ ਪਿਆ ਸਿੱਖ ਕੌਮ ਨੂੰ, ਫ਼ਰਕ ਪਿਆ ਖੁਦ ਬਾਦਲ ਅਕਾਲੀਆਂ ਨੂੰ। ਮਾਨ ਸਾਹਿਬ ਤਾਂ ਅੱਜ ਵੀ ਆਪਣੇ ਉਸੇ ਹੀ ਸਟੈਂਡ ਉੱਤੇ ਡਟੇ ਹੋਏ ਹਨ ਅਤੇ ਨਿਧੜਕ ਆਪਣੀ ਆਵਾਜ਼ ਬੁਲੰਦ ਕਰਦੇ ਹਨ। ਪਰ ਪੰਜਾਬ ਦੀ ਜਨਤਾ ਨੇ ਪਿਛਲੇ 40 ਸਾਲਾਂ ਵਿੱਚ ਕੀ ਖੱਟਿਆ ? ਮਾਨ ਸਾਹਿਬ ਦਾ ਸਾਥ ਨਾ ਦੇ ਕੇ ਨਸ਼ਾ ਬੇਰੋਜਗਾਰੀ ਧਰਨੇ ਗੈਂਗਸਟਰਵਾਦ ਕਤਲ ਧੀਆਂ ਦੀਆਂ ਬੇਪੱਤੀਆਂ ਤਲਾਕਾਂ ਦੀ ਵੱਧਦੀ ਗਿਣਤੀ ਬੇਅਦਬੀਆਂ ਗੋਲੀ ਕਾਂਡ ਪੰਜਾਬ ਦਾ ਅੱਜ ਕਿਹੜਾ ਘਰ ਹੈ ਜੋ ਇੰਨਾਂ ਤਕਲੀਫਾਂ ਤੋਂ ਬੱਚਿਆ ਹੋਇਆ ਹੈ ਜੇਕਰ ਸਿੱਖ ਕੌਮ ਦੀ ਗੱਲ ਕਰਾਂ ਤਾਂ ਕਿ ਮਾਨ ਸਾਹਿਬ ਦਾ ਪਿਛਲੇ 40 ਸਾਲ ਤੋਂ ਸਾਥ ਨਾ ਦੇ ਕੇ ਬੇਅਦਬੀਆਂ ਰੋਕ ਲਈਆਂ ? ਪਾਵਨ ਸਰੂਪ ਤੱਕ ਗਵਾ ਲਏ ਗਏ, ਉਨ੍ਹਾਂ ਦਾ ਇਨਸਾਫ ਮਿਲਣਾ ਤਾਂ ਦੂਰ ਦੀ ਗੱਲ ਹੈ। ਹੋਰ ਤਾਂ ਹੋਰ ਸਿੱਖ ਕੌਮ ਨੇ ਆਪਣੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੱਕ ਗ਼ੁਲਾਮ ਕਰਵਾ ਲਈ। ਜੇਕਰ ਬਾਦਲ ਅਕਾਲੀਆਂ ਦੀ ਗੱਲ ਕਰ ਲਵਾਂ ਤਾਂ ਉਨਾਂ ਪੰਜਾਬ ਤੇ ਸਿੱਖ ਕੌਮ ਦਾ ਜੋ ਘਾਣ ਕੀਤਾ ਹੈ ਉਹ ਜੱਗ ਜਾਹਿਰ ਹੈ। ਪਰ ਰਿਹਾ ਖੁਦ ਉਨਾਂ ਦੇ ਪੱਲੇ ਵੀ ਕੱਖ ਨਹੀਂ। ਇਹੋ ਜਿਹੇ ਸਤਿਕਾਰ ਮਿਲਣ ਦਾ ਕੀ ਫ਼ਾਇਦਾ ਜੋ ਜਿਉਂਦੇ ਜੀ ਤਾਂ ਫ਼ਕਰ ਨਾਲ ਮਿਲੇ ਪਰ ਮਰਣ ਪਿੱਛੋਂ ਵਾਪਿਸ ਲੈ ਲਿਆ ਜਾਵੇ। ਬਾਦਲ ਅਕਾਲੀਆਂ ਦਾ ਹਸ਼ਰ ਜੋ ਹੋਇਆ ਉਹ ਸਾਹਮਣੇ ਹੈ ਤੇ ਜਿੰਨਾਂ ਨੇ ਪਹਿਲਾਂ ਅਕਾਲੀ ਦਲ ਬਣਾਏ ਉਹ ਕਿਸ ਖੂੰਝੇ ਲੱਗੇ ਉਹ ਵੀ ਸਭ ਦੇ ਸਾਹਮਣੇ ਹੈ। ਨਵੇਂ ਬਣ ਰਹੇ ਅਕਾਲੀ ਧੜੇ ਸਿਰਫ ਆਪਣੀ ਨਿੱਜਤਾ ਦੇ ਲਾਲਚ ਵੱਸ ਬਣ ਰਹੇ ਹਨ ਅਤੇ ਇਹ ਅਕਾਲੀ



ਧੜੇ ਬਣਾਉਨ ਵਾਲੇ ਵੀ ਉਹ ਸ਼ਖ਼ਸ ਹਨ ਜਿੰਨਾਂ ਦਾ ਅਕਾਲੀ ਸ਼ਬਦ ਦੇ "ਅ" ਨਾਲ ਵੀ ਦੂਰ-ਦੂਰ ਤੱਕ ਵਾਅ੍ਹ ਵਾਸਤਾ ਨਹੀਂ ਹੈ। ਦੂਜੇ ਪਾਸੇ ਮਾਨ ਸਾਹਿਬ ਦੀ ਪਾਰਟੀ ਸਮੁੱਚੀ ਸਿੱਖ ਕੌਮ ਉੱਤੇ ਹੋ ਰਹੇ ਤਸ਼ੱਦਦਾਂ ਨੂੰ ਠੱਲ ਪਾਉਣ ਲਈ, ਸਿੱਖੀ ਰਹੁ ਰੀਤਾਂ ਵਿੱਚ ਪੂਰੇ ਧਰਮੀ ਸਿੰਘਾਂ ਦੀ ਰਹਿਨੁਮਾਈ ਵਿੱਚ, ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਅਰਜੋਈਆਂ ਨਾਲ ਹੋਂਦ ਵਿੱਚ ਆਈ ਪਾਰਟੀ ਹੈ। ਮੈਂ ਸਮਝਦੀ ਹਾਂ ਕਿ ਇਸ ਪਾਰਟੀ ਉੱਤੇ ਸ਼ਹੀਦ ਸਿੰਘਾਂ ਦਾ ਪਹਿਰਾ ਹੈ ਜੋ ਕਿ ਇਹ ਪਾਰਟੀ ਵੱਲੋਂ ਸਿੱਖਾਂ ਦੇ ਹੱਕਾਂ ਲਈ ਹਮੇਸ਼ਾਂ ਡੱਟਿਆ ਜਾਂਦਾ ਹੈ ਅਤੇ ਨਿਧੱੜਕ ਜ਼ਾਲਮ ਹਕੂਮਤਾਂ ਦਾ ਵਿਰੋਧ ਕੀਤਾ ਜਾਂਦਾ ਹੈ। ਅਕਾਲੀ ਦਲ ਦਾ ਨਾਮ ਵਰਤ ਕੇ ਉੱਭਰਦੇ ਨਵੇਂ ਟੋਲੇ ਮਾਨ ਸਾਹਿਬ ਦੀ ਉਂਗਲ ਫੜ ਕੇ ਤੁਰਨਾ ਸਿੱਖਦੇ ਹਨ, ਮਾਨ ਸਾਹਿਬ ਨਾਲ ਫੋਟੋਆਂ ਖਿਚਵਾ ਕੇ ਖੁਦ ਆਪਣੀ ਪਹਿਚਾਣ ਬਣਾਉਂਦੇ ਹਨ ਅਤੇ ਬਾਅਦ ਵਿੱਚ ਮਾਨ ਸਾਹਿਬ ਦੇ ਬਰਾਬਰ ਦੀ ਪੱਦਵੀ ਭਾਲਦੇ ਹਨ। ਬੱਸ ਇਹੋ ਜਿਹੇ ਲੋਕ ਹੀ ਸ਼ਿਕਾਰ ਬਣਦੇ ਹਨ ਜ਼ਾਲਮ ਹਕੂਮਤਾਂ ਦਾ। ਕਿਉਂਕਿ ਹਕੂਮਤਾਂ ਨੂੰ ਪਤਾ ਹੁੰਦਾ ਹੈ ਕਿ ਕਿਸ ਤਰਾਂ ਖਰੀਦਣਾ ਹੈ ਤੇ ਕਿੱਥੇ ਵਰਤਣਾ ਹੈ। ਕੋਈ ਵੀ ਸਿਆਸੀ ਪਾਰਟੀ ਨਵੀਂ ਬਣੇ ਪੰਜਾਬ ਵਿੱਚ ਕੋਈ ਹਰਜ ਨਹੀਂ, ਪਰ ਅਕਾਲੀ ਨਾਮ ਵਰਤ ਕੇ ਜਦੋਂ ਬਣਦੀ ਹੈ ਤੇ ਜਾ ਕੇ ਦਿੱਲੀ ਦੀ ਉਂਗਲ ਤੇ ਨੱਚਦੀ ਹੈ ਉਸ ਸਮੇਂ ਦੁੱਖ ਵੀ ਹੁੰਦਾ ਹੈ ਅਤੇ ਇੰਨਾਂ ਦੀ ਨੀਵੇਂ ਪੱਧਰ ਦੀ ਸੋਚ ਵੀ ਸਮਝ ਆਉਂਦੀ ਹੈ। ਸਮੇਂ-ਸਮੇਂ ਤੇ ਬਣੇ ਕੁਝ ਸਮੇਂ ਲਈ ਅਕਾਲੀ ਨਾਮ ਅਤੇ ਧੜਿਆਂ ਨੇ ਸਿੱਖੀ ਨੂੰ ਤੇ ਸਿੱਖ ਸਿਆਸਤ ਨੂੰ ਬਹੁਤ ਵੱਡੀ ਢਾਅ ਲਾਈ ਹੈ। ਨਵੇਂ ਬਣ ਰਹੇ ਅਕਾਲੀ ਦਲ ਦੇ ਕੁਝ ਮੋਹਤਵਾਰ ਚਹਿਰੇ ਮੋਹਰਿਆਂ ਨੂੰ ਮੈਂ ਬਹੁਤ ਚੰਗੀ ਤਰਾਂ ਪਹਿਚਾਣਦੀ ਹਾਂ। ਜਿੰਨਾਂ ਲਈ ਸਿੱਖ ਸਿਧਾਂਤ ਸਿਰਫ ਪ੍ਰਚਾਰ ਲਈ ਵਰਤੇ ਜਾਂਦੇ ਹਨ। ਪਰ ਉਨਾਂ ਦਾ ਮੁੱਖ ਨਿਸ਼ਾਨਾਂ ਸਿਆਸੀ ਪੱਧਰ ਤੇ ਪ੍ਰਸਿੱਧ ਹੋਣਾ ਹੈ। ਲੈ ਦੇ ਕੇ ਰੌਲਾ ਸਭ ਕੁਰਸੀ ਦਾ ਹੈ। ਪਰ ਮਾਨ ਸਾਹਿਬ ਕੁਰਸੀ ਨਾਲੋਂ ਸਿੱਖਾਂ ਨੂੰ ਰਾਜ ਭਾਗ ਦੇਣ ਦੀ ਇੱਛਾ ਰੱਖਦੇ ਹਨ। ਮੇਰਾ ਖੁਦ ਦਾ ਝੁਕਾਅ ਮਾਨ ਸਾਹਿਬ ਵੱਲ ਉਦੋਂ ਹੋਇਆ ਜਦੋਂ 2021 ਵਿੱਚ ਕਿਸਾਨੀ ਅੰਦੋਲਣ ਕਰਕੇ ਸਿਆਸਤ ਵਿੱਚ ਮੇਰੀ ਦਿਲਚਸਪੀ ਪੈਦਾ ਹੋਈ। ਮੇਰੀ ਸਿਆਸਤ ਵਿੱਚ ਦਿਲਚਸਪੀ ਪੈਦਾ ਕਰਣ ਵਾਲਾ ਸੀ ਬਾਈ ਦੀਪ ਸਿੱਧੂ। ਬੇਸ਼ੱਕ ਉਸਨੂੰ ਕਦੇ ਮਿਲ ਨਾ ਪਾਈ ਪਰ ਉਨਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਬਹੁਤ ਹੋਈ। ਜਦੋਂ ਬਾਈ ਦੀਪ ਸਿੱਧੂ ਨੇ ਇੱਕ ਹੱਥ ਵਿੱਚ ਕਿਰਪਾਨ ਅਤੇ ਇੱਕ ਹੱਥ ਵਿੱਚ ਝਾੜੂ ਫੜ ਕੇ ਸਮੁੱਚੀ ਸਿੱਖ ਕੌਮ ਨੂੰ ਵੰਗਾਰਿਆ ਸੀ। ਉਸ ਸਮੇਂ ਤੋਂ ਹੀ ਮਾਨ ਸਾਹਿਬ ਵੱਲ ਰੁਝਾਨ ਵੱਧ ਗਿਆ ਸੀ। ਬਾਈ ਦੀਪ ਸਿੱਧੂ ਦੀ ਮੌਤ ਤਾਂ ਇਹ ਪੱਕੀ ਮੋਹਰ ਲਾ ਗਈ ਸੀ ਕਿ ਮਾਨ ਸਾਹਿਬ ਤੋਂ ਜਾਲਮ ਹਕੂਮਤਾਂ ਨੂੰ ਖੱਤਰਾ ਤਾਂ ਪੱਕਾ ਹੈ। ਕਿਉਂਕਿ ਬਾਈ ਦੀਪ ਸਿੱਧੂ ਦਾ ਮਾਨ ਸਾਹਿਬ ਨਾਲ ਖੜਣਾ ਸਾਡੇ ਖ਼ਾਲਸਾ ਰਾਜ ਦੀ ਪਹਿਲੀ ਪੌੜੀ ਸੀ ਤੇ ਖਾਲਿਸਤਾਨ ਦੇਸ਼ ਦੀ ਅਜ਼ਾਦੀ ਦੀ ਸ਼ੁਰੂਆਤ ਸੀ। ਬਾਈ ਦੀਪ ਸਿੱਧੂ ਨੋਜਵਾਨ ਅਤੇ ਭਾਵੁਕ ਆਗੂ ਸੀ। ਇਸ ਲਈ ਬਹੁਤ ਜਲਦੀ ਨਿਸ਼ਾਨਾ ਬਣ ਗਿਆ। ਕਿਉਂਕਿ ਉਹ ਵਿਕਣ ਅਤੇ ਝੁਕਣ ਵਾਲੀ ਸ਼ਖਸਿਅਤ ਨਹੀਂ ਸੀ। ਖੌਰੇ ਵਿੱਕ ਜਾਂਦਾ ਜਾਂ ਝੁੱਕ ਜਾਂਦਾ ਤਾਂ ਅੱਜ ਜਿਉਂਦਾ ਹੁੰਦਾ। ਪਰ ਬਾਈ ਦੀਪ ਸਿੱਧੂ ਨੇ ਮਰਨਾ ਕਬੂਲ ਕੀਤਾ। ਬਾਈ ਦੀਪ ਸਿੱਧੂ ਦੀ ਸ਼ਹਾਦਤ ਨੂੰ ਸਲਾਮ। ਮਾਨ ਸਾਹਿਬ ਦਾ ਵਾਰ ਤਜਰਬੇਕਾਰ ਅਤੇ ਕਲਮੀ ਹੈ। ਇਸ ਲਈ ਮਾਨ ਸਾਹਿਬ ਤੱਕ ਜ਼ਾਲਮ ਹਕੂਮਤਾਂ ਹੱਥ ਨਹੀਂ ਪਾ ਸਕਦੀਆਂ। ਪਰ ਜ਼ਾਲਮ ਹਕੂਮਤਾਂ ਵੀ ਮਾਨ ਸਾਹਿਬ ਨੂੰ ਇਕੱਲਾ ਕਰਣ ਲਈ ਹਰ ਹੱਥਕੰਡੇ ਅਪਣਾਉਂਦੀਆਂ ਹਨ। ਜ਼ਾਲਮ ਹਕੂਮਤਾਂ ਨੂੰ ਪਤਾ ਹੁੰਦਾ ਹੈ ਕਿ ਕਿਸੇ ਵੀ ਸੁਹਿਰਦ ਆਗੂ ਦੀ ਹੋਂਦ ਉਸਦੇ ਪੈਰੋਕਾਰਾਂ ਨਾਲ ਹੁੰਦੀ ਹੈ। ਸੁਹਿਰਦ ਆਗੂ ਕਦੇ ਵੀ ਖਰੀਦੇ ਨਹੀਂ ਜਾ ਸਕਦੇ, ਪਰ ਪੈਰੋਕਾਰਾਂ ਨੂੰ ਖ਼ਰੀਦਣਾ ਬਹੁਤ ਆਸਾਨ ਹੁੰਦਾ ਹੈ। ਫਿਰ ਮਾਨ ਸਾਹਿਬ ਵਰਗੇ ਆਗੂ ਦੀ ਬਰਾਬਰਤਾ ਦਾ ਲਾਲਚ, ਬਰਾਬਰ ਕੁਰਸੀ ਦਾ ਲਾਲਚ ਮੇਰੇ ਖ਼ਿਆਲ ਵਿੱਚ ਪੈਰੋਕਾਰਾਂ ਲਈ ਬਹੁਤ ਵੱਡਾ ਇਨਾਮ ਹੁੰਦਾ ਹੈ। ਪਰ ਇਹ ਭੁੱਲ ਜਾਂਦੇ ਕਿ ਗੁਰੂ ਤੇ ਚੇਲੇ ਵਿੱਚ ਫ਼ਰਕ ਹਮੇਸ਼ਾਂ ਰਹਿੰਦਾ ਹੈ। ਵਕਤੀ ਤੌਰ ਤੇ ਚੜ੍ਹਾਈ ਬੇਸ਼ੱਕ ਹੋ ਜਾਵੇ, ਪਰ ਹੋਂਦ ਸਿਰਫ ਸੁਹਿਰਦਤਾ ਦੀ ਹੁੰਦੀ ਹੈ। ਮੈਂ ਖੁਦ ਮਾਨ ਸਾਹਿਬ ਕੋਲ਼ੋਂ ਸਿਆਸਤ ਦਾ ਉਹ ਪੱਖ ਸਮਝ ਰਹੀ ਹਾਂ ਜੋ ਸ਼ਾਇਦ ਕਈ ਸਾਡੇ ਅਖੌਤੀ ਆਗੂ ਮਾਨ ਸਾਹਿਬ ਨਾਲ ਕਈ ਸਾਲ ਤੱਕ ਰਹਿ ਕੇ ਵੀ ਨਹੀਂ ਸਿੱਖ ਸਕੇ। ਮਾਨ ਸਾਹਿਬ ਦੀ ਗੱਲਬਾਤ ਤਰਕ ਦੇ ਅਧਾਰ ਤੇ ਹੁੰਦੀ ਹੈ। ਫੌਕੀ ਹਵਾ ਵਿੱਚ ਹੀ ਗੱਲ ਕਰ ਜਾਣੀ ਮਾਨ ਸਾਹਿਬ ਦੀ ਸ਼ਖਸਿਅਤ ਨਹੀਂ ਹੈ। ਮਾਨ ਸਾਹਿਬ ਦਾ ਕਿਸੇ ਵਿਸ਼ੇ ਉੱਤੇ ਤਨਜ਼ ਕੱਸਣਾ ਵੀ ਇੱਕ ਵਾਜਿਬ ਕਾਰਣ ਹੁੰਦਾ ਹੈ ਅਤੇ ਕਿਸੇ ਵੀ ਅਖੌਤੀ ਆਗੂ ਕੋਲ ਉਸ ਦਾ ਜਵਾਬ ਨਹੀਂ ਹੁੰਦਾ। ਕਈ ਸਾਡੇ ਸਤਿਕਾਰਤ ਆਗੂ ਹਨ, ਜੋ ਅੱਜ ਤੱਕ ਮਾਨ ਸਾਹਿਬ ਤੋਂ ਅਲੱਗ ਹੋ ਕੇ ਤੁਰ ਰਹੇ ਸਨ। ਪਰ ਅਕਾਲੀ ਬਾਦਲਾਂ ਦੇ ਹਸ਼ਰ ਤੋਂ ਬਾਅਦ ਆਪਣੇ ਵਿਚਾਰਾਂ ਦੇ ਵਖਰੇਵੇਂ ਖਤਮ ਕਰਕੇ ਮਾਨ ਸਾਹਿਬ ਨਾਲ ਦੁਬਾਰਾ ਸਹਿਯੋਗ ਕਰ ਰਹੇ ਹਨ। ਮੈਨੂੰ ਉਨਾਂ ਸਭ ਸਤਿਕਾਰਤ ਆਗੂਆਂ ਲਈ ਬਹੁਤ ਚੰਗਾ ਮਹਿਸੂਸ ਹੋ ਰਿਹਾ ਹੈ। ਕਿਉਂਕਿ ਜੇਕਰ ਸਾਡਾ ਸਭ ਦਾ ਟੀਚਾ ਆਪਣਾ ਦੇਸ਼ ਅਜ਼ਾਦ ਕਰਣਾ ਹੈ ਤਾਂ ਮਾਨ ਸਾਹਿਬ ਵਰਗੇ ਪੜੇ ਲਿਖੇ ਸੰਘਰਸ਼ੀ ਅਤੇ ਸਿੱਖ ਕੌਮ ਲਈ ਇਮਾਨਦਾਰ ਆਗੂ ਦੀ ਅਗਵਾਈ ਵਿੱਚ ਚੱਲਣ ਦੀ ਲੋੜ ਹੈ। 40 ਸਾਲ ਸਭ ਨੇ ਆਪਣੀ-ਆਪਣੀ ਲੜਾਈ ਲੜ ਲਈ ਹੈ। ਪਰ ਜੰਗ ਹੀ ਜਦੋਂ ਅਜ਼ਾਦੀ ਦੀ ਲੜਣੀ ਹੋਵੇ ਤਾਂ ਅੱਜ ਦੇ ਸਮੇਂ ਵਿੱਚ ਮਾਨ ਸਾਹਿਬ ਵਰਗਾ ਪਾਰਖੂ ਜਰਨੈਲ, ਪੜ੍ਹਿਆ ਲਿਖਿਆ ਜਰਨੈਲ ਅਤੇ ਤਜਰਬੇਕਾਰ ਜਰਨੈਲ ਕੋਈ ਹੋਰ ਨਹੀਂ ਹੈ। ਮਾਨ ਸਾਹਿਬ ਕੋਲ ਜੰਗ ਅਤੇ ਸਿਆਸਤ ਦੇ ਦੰਡ ਭੇਦ ਸਭ ਮੌਜੂਦ ਹਨ। ਬੱਸ ਕਮੀ ਹੈ ਤਾਂ ਖੁਦ ਜਨਤਾ ਦੀ ਹੈ ਕਿ ਜੋ ਉਸ ਆਗੂ ਦਾ ਸਾਥ ਨਹੀਂ ਦੇ ਰਹੇ ਜੋ ਸਾਨੂੰ ਰਾਜ ਭਾਗ ਦੇਣਾ ਚਾਹੁੰਦਾ ਹੈ ਬਲਕਿ ਉਨਾਂ ਮਗਰ ਲੱਗੇ ਹਨ ਜੋ ਸਿਰਫ ਵਕਤੀ ਕੁਰਸੀ ਦਾ ਲਾਲਚ ਦਿੰਦੇ ਹਨ। ਖੈਰ ਮੇਰਾ ਤਾਂ ਇੰਨਾਂ ਮੰਨਣਾ ਹੈ ਕਿ ਹਸਪਤਾਲ ਦੇ ਵਿੱਚ ਡਾਕਟਰ, ਨਰਸ, ਸਫਾਈ ਕਰਮਚਾਰੀ, ਮਸ਼ੀਨ ਕਰਮਚਾਰੀ ਹੋਰ ਤਾਂ ਹੋਰ ਹਸਪਤਾਲ ਦੀ ਬਿਲਡਿੰਗ ਦਾ ਮਾਲਕ ਵੀ ਹੁੰਦੇ ਹਨ। ਪਰ ਮਰੀਜ਼ ਦੀ ਜਾਣ ਸਿਰਫ ਡਾਕਟਰ ਹੀ ਬਚਾ ਸਕਦਾ ਹੈ। ਪੰਜਾਬ ਦੀ ਜਨਤਾ ਨੇ 40 ਸਾਲ ਬਾਦਲ ਅਕਾਲੀਆਂ ਨੂੰ ਡਾਕਟਰ ਸਮਝ ਲਿਆ ਸੀ ਤੇ ਹਸ਼ਰ, ਪੰਜਾਬ ਦੀ ਨੋਜਵਾਨੀ ਜਾਂ ਤਾਂ ਨਸ਼ਿਆਂ ਤੇ ਲੱਗ ਗਈ ਜਾਂ ਗੈਂਗਸਟਰ ਕਹਿ ਕੇ ਮਾਰਤੀ ਜਾਂ ਧਰਨੇ ਲਾਉਣ ਜੋਗੀ ਰਹਿ ਗਈ। ਹੁਣ ਵੀ ਅਖੌਤੀ ਆਗੂ ਅਕਾਲੀ ਸ਼ਬਦ ਵਰਤ ਕੇ ਡਾਕਟਰ ਬਣਨ ਦੀ ਦੌੜ ਵਿੱਚ ਸ਼ਾਮਲ ਹੋ ਰਹੇ ਹਨ। ਹੁਣ ਪੰਜਾਬ ਦੀ ਜਨਤਾ ਦਾ ਕੀ ਹਸ਼ਰ ਹੋਵੇਗਾ ? ਉਹ ਬਾਈ ਦੀਪ ਸਿੱਧੂ ਸ਼ਹੀਦ ਹੋਣ ਤੋਂ ਪਹਿਲਾਂ ਕਈ ਇੰਟਰਵਿਉ ਵਿੱਚ ਸਪੱਸ਼ਟ ਕਰ ਗਿਆ ਸੀ। ਮੁੱਕਦੀ ਗੱਲ ਇਹ ਹੈ ਕਿ ਸਾਡੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦਾ ਬਦਲ ਅਜੇ ਤੱਕ ਕੋਈ ਨਹੀਂ ਹੈ। ਜਿੰਨੇ ਮਰਜ਼ੀ ਅਕਾਲੀ ਦਲ ਬਣ ਜਾਣ ਖਾਲਿਸਤਾਨ ਦੀ ਹੋਂਦ ਬਹੁਤ ਜਲਦ ਦੁਨੀਆ ਦੇ ਨਕਸ਼ੇ ਤੇ ਉੱਕਰੇਗੀ ਅਤੇ ਇਸ ਦਾ ਵਾਹਿਦ ਜ਼ਿੰਮੇਵਾਰ ਸਾਡੇ ਪ੍ਰਧਾਨ ਮਾਨ ਸਾਹਿਬ ਹੋਣਗੇ। ਜਿੰਨਾਂ ਦੀ ਬਦੌਲਤ ਅੱਜ ਹਰ ਮੁਲਕ ਵਿੱਚ ਸਿੱਖ ਕੌਮ ਦੇ ਆਗੂ ਸਿੱਖ ਧਰਮ ਦੀ ਰਹਿਨੁਮਾਈ ਕਰ ਰਹੇ ਹਨ। ਵਿਸ਼ਵ ਪੱਧਰ ਤੇ ਖਾਲਿਸਤਾਨ ਦੀ ਮੰਗ ਕਰਣ ਵਾਲੇ ਸਾਰੇ ਸਹੁਰਿਦ ਆਗੂ ਵਿਦੇਸ਼ਾਂ ਵਿੱਚ ਬੈਠ ਕੇ ਵੀ ਪੰਜਾਬ ਵਿੱਚ ਹੋ ਰਹੀ ਸਿਆਸੀ ਉਥਲ-ਪੁਥਲ ਲਈ ਹਮੇਸ਼ਾਂ ਚਿੰਤਤ ਰਹਿੰਦੇ ਹਨ। ਇਸੇ ਲਈ ਤਾਂ ਭਾਰਤ ਸਰਕਾਰ ਵਿਦੇਸ਼ਾਂ ਵਿੱਚ ਬੈਠੇ ਸੁਹਿਰਦ ਖਾਲਿਸਤਾਨੀ ਆਗੂਆਂ ਦੇ ਕਤਲ ਕਰਵਾ ਰਹੀ ਹੈ। ਜਾਗਦੀਆਂ ਜ਼ਮੀਰਾਂ ਵਾਲੇ, ਪੰਥ ਦਾ ਦਰਦ ਸੀਨੇ ਵਿੱਚ ਰੱਖਣ ਵਾਲੇ, 1984 ਦੀ ਅੱਗ ਵਿੱਚ ਤੜਪ ਰਹੇ ਦਿਲ ਅਤੇ ਖਾਲਿਸਤਾਨ ਦੀ ਅਜ਼ਾਦੀ ਦੀ ਆਬੋ ਹਵਾ ਮਾਨਣ ਵਾਲੀ ਹਰ ਰੂਹ ਸ.ਸਿਮਰਨਜੀਤ ਸਿੰਘ ਮਾਨ ਨਾਲ ਹਿੱਕ ਡਾਹ ਕੇ ਖੜੀ ਹੈ ਅਤੇ ਹਮੇਸ਼ਾਂ ਖੜੀ ਰਹੇਗੀ।

ਮੇਰੇ ਲਿਖੇ ਹੋਏ ਲ਼ਫਜ ਇੱਥੇ ਮੈਨੂੰ ਸਹੀ ਢੁੱਕਦੇ ਦਿੱਸਦੇ ਹਨ

ਉਏ ਲੋੜ ਨਹੀਂ
ਸਾਨੂੰ ਗਿੱਦੜਾਂ ਦੀ ਯਾਂ ਭੇਡਾਂ ਦੀ
ਸ਼ੇਰ ਇਕੱਲਾ ਕਿੱਦਾਂ ਦਹਾੜਦਾ
ਹੁਣ ਉਹ ਸੁਣਾਵਾਂਗੇ
ਅੱਤਵਾਦੀ ਨਾ ਕਹਿ ਹੁਣ ਸਾਨੂੰ
ਨੀ ਦਿੱਲੀਏ
ਅੱਤਵਾਦੀ ਨਾ ਕਹਿ ਹੁਣ ਸਾਨੂੰ
ਬਾਗ਼ੀ ਹਾਂ ਅਸੀਂ
ਬਾਦਸ਼ਾਹ ਬਣ ਰਾਜ ਚਲਾਵਾਂਗੇ
ਬਾਦਸ਼ਾਹ ਬਣ ਰਾਜ ਚਲਾਵਾਂਗੇ।



-ਰਸ਼ਿਪੰਦਰ ਕੌਰ ਗਿੱਲ
ਜਨਰਲ ਸਕੱਤਰ, ਇਸਤਰੀ ਵਿੰਗ ਪੰਜਾਬ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ

# ਧੂਰੀ ਸਿਟੀ ਪੁਲਿਸ ਨੇ ਗੁੰਡਾ ਅਨਸਰਾਂ ਨੂੰ ਦਬੌਚ ਕੀਤਾ ਮੁਕੱਦਮਾ ਦਰਜ



ਧੂਰੀ ( ਰਣਜੀਤ ਸਿੰਘ ਪੇਧਨੀ ) ਧੂਰੀ ਪੁਲਿਸ ਨੇ ਗੁੰਡਾ ਅਨਸਰ ਦਬੌਚ ਕੀਤਾ ਮੁਕੱਦਮਾਂ ਦਰਜ , ਦਰਜ ਮੁਕੱਦਮੇਂ ਅਨੁਸਾਰ ਪੰਜਾਬ ਰੋਡਵੇਜ ਲੁਧਿਆਣਾ ਡੀਪੂ ਦੀ ਬੱਸ ਡਰਾਈਵਰ ਰਾਜਵਿੰਦਰ ਸਿੰਘ ਸਮੇਤ ਪੁਸਪਿੰਦਰਪਲ ਸਿੰਘ ਕੰਡਕਟਰ ਟੋਹਾਣਾ ਤੋਂ ਵਾਪਸ ਲੁਧਿਆਣਾ ਆ ਰਹੇ ਸਨ ਕਿ ਕੱਕੜਵਾਲ ਚੌਂਕ ਨੇੜਿਓਂ ਇੱਕ ਸਵਿਫਟ ਕਾਰ ਅੱਗੇ ਲੰਘਣ ਲੱਗੀ ਤਾਂ ਬੱਸ ਡਰਾਈਵਰ ਨਾਲ ਤਕਰਾਰ ਹੋ ਗਈ । ਇਸੇ ਤਕਰਾਰ ਨੂੰ ਲੈ ਕੇ ਕਾਰ ਸਵਾਰ 6 ਨੌਜਵਾਨਾਂ ਬੱਸ ਡਰਾਈਵਰ ਤੇ ਹਮਲਾ ਕਰ ਤੇ ਬੱਸ ਦੀ ਭੰਨ ਤੋੜ ਕੀਤੀ । ਗਨੀਮਤ ਰਹੀ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਐਸ ਐਚ ਓ ਜਸਵੀਰ ਸਿੰਘ ਤੂਰ ਨੇ ਨੂੰ ਨਾਲ ਲੈ ਕੇ ਤੁਰੰਤ ਮੌਕੇ ਤੇ ਪਹੁੰਚ ਘਟਨਾਂ ਨੂੰ ਅੰਜਾਮ ਦੇਣ ਵਾਲੇ ਸ਼ਰਾਰਤੀ ਅਨਸਰਾਂ ਦਬੋਚ ਉਹਨਾਂ ਤੇ ਅਧੀਨ ਧਾਰਾ 194 (2),115 (2),126 (2),192(3),190 ਬੀ ਐੱਨ ਐੱਸ ਤਹਿਤ ਥਾਣਾ ਸਿਟੀ ਧੂਰੀ ਮੁਕੱਦਮਾਂ ਨੰਬਰ 8 ਦਰਜ ਕਰ ਸਾਰੇ ਕਥਿਤ ਦੋਸੀਆਂ ਪ੍ਰਭਜੋਤ ਸਿੰਘ ਪੁੱਤਰ ਕੁਲਵੰਤ ਸਿੰਘ ,ਅਬਦੁਲ ਰਹਿਮਾਨ ਪੁੱਤਰ ਅਮੀਰ ਅਲੀ, ਮਹਿਕਦੀਪ ਸਿੰਘ ਪੁੱਤਰ ਜੀਤ ਸਿੰਘ ਵਾਸੀ ਪਿੰਡ ਭਸੌੜ, ਅਜੇ ਸਿੰਘ ਉਰਫ ਢੀਂਡਸਾਂ ਪੁੱਤਰ ਬਲਵੰਤ ਉਰਫ ਬਲਵਿੰਦਰ ਸਿੰਘ ਵਾਸੀ ਬਾਜੀਗਰ ਬਸਤੀ ਧੂਰੀ , ਸਵਰਨਜੀਤ ਸਿੰਘ ਪੁੱਤਰ ਸੁਖਬੀਰ ਸਿੰਘ , ਅੰਮ੍ਰਿਤਪਾਲ ਸਿੰਘ ਪੁੱਤਰ ਮੱਘਰ ਸਿੰਘ ਵਾਸੀ ਜਖੇਪਲ ਨੂੰ ਗ੍ਰਿਫਤਾਰ ਕਰਕੇ ਉਹਨਾਂ ਕੋਲੋਂ ਵਾਰਦਾਤ ਸਮੇਂ ਵਰਤੀਆਂ 2 ਲੋਹਾ ਪਾਈਪਾਂ,1 ਲੋਹਾ ਰਾਡ ਪਰ ਲੱਗੀ ਗਰਾਰੀ ਤੇ ਵਾਰਦਾਤ ਸਮੇਂ ਵਰਤੀ ਕਾਰ ਬਰਾਮਦ ਕਰ ਅਦਾਲਤ ਪੇਸ ਕੀਤਾ ਗਿਆ ਹੈ । ਇਸ ਮੌਕੇ ਹੋਲਦਾਰ ਕੁਲਦੀਪ ਸਿੰਘ ਰਾਜੋਮਾਜਰਾ ਤੋਂ ਇਲਾਵਾ ਬਾਕੀ ਮੁਲਾਜਮ ਹਾਜਰ ਸਨ।

# ਪਹਿਲੀ ਵਾਰ ਸਾਂਝੀ ਲੋਹੜੀ ਦਾ ਤਿਉਹਾਰ ਮੁੰਬਈ ਵਿਖੇ ਮਨਾਇਆ



**ਚੌਕ ਮਹਿਤਾ, 11 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਦੇ ਚੇਅਰਮੈਨ ਸ੍ਰ ਮਲਕੀਤ ਸਿੰਘ ਬੱਲ ਦੀ ਅਗਵਾਈ ਹੇਠ ਪਹਿਲੀ ਵਾਰ ਸਾਂਝੀ ਲੋਹੜੀ ਦਾ ਤਿਉਹਾਰ ਡੀ.ਵਾਈ. ਪਾਟਿਲ ਕਾਲਜ ਗਰਾਉਂਡ, ਸੀ ਬੀ ਡੀ ਮੁੰਬਈ ਵਿਖੇ ਕੀਤਾ ਗਿਆ। ਇਸ ਵਿਸ਼ਾਲ ਸਮਾਰੋਹ ਵਿੱਚ ਇੱਕ ਵਿਲੱਖਣ ਪਹਲ, ਇੱਕ ਪਿੰਡ ਇੱਕ ਲੋਹੜੀ, ਦੀ ਸ਼ੁਰੂਆਤ ਕੀਤੀ ਗਈ, ਜਿਸਦਾ ਮੁੱਖ ਉਦੇਸ਼ ਸੀ ਸਾਰੇ ਸਮੁਦਾਇਕ ਨੂੰ ਇੱਕਠੇ ਹੋ ਕੇ ਇਕੋ ਥਾਂ ਤੇ ਲੋਹੜੀ ਮਨਾਉਣ ਲਈ ਪ੍ਰੇਰਿਤ ਕਰਨਾ ਇਸ ਤਿਉਹਾਰ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਜੋਸ਼ ਭਰਪੂਰ ਨਾਲ ਭਾਗ ਲਿਆ ਸ਼ਾਮ ਦਾ ਮਾਹੌਲ ਰਵਾਇਤੀ ਪੰਜਾਬੀ ਸੰਗੀਤ, ਜੋਸ਼ ਨਾਲ ਭਰੇ ਭੰਗੜੇ ਅਤੇ ਗਰਮਾਹਟ ਭਰਪੂਰ ਲੋਹੜੀ ਦੇ ਅੱਗ ਦੇ ਨਾਲ ਭਰਿਆ ਹੋਇਆ ਸੀ, ਜਿਸਦਾ ਸੰਦੇਸ਼ ਸੀ ਏਕਤਾ ਅਤੇ ਖੁਸ਼ੀ ਇਸ ਮੌਕੇ 'ਤੇ ਸ੍ਰ ਮਲਕੀਤ ਸਿੰਘ ਬੱਲ ਚੇਅਰਮੈਨ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ, ਮਹਾਰਾਸ਼ਟਰ ਸਰਕਾਰ ਨੇ ਤਿਉਹਾਰ ਵਿੱਚ ਆਉਣ ਵਾਲਿਆ ਦਾ ਧੰਨਵਾਦ ਕੀਤਾ ਅਤੇ ਆਉਣ ਵਾਲੇ ਸਾਲਾਂ ਵਿੱਚ ਮਹਾਰਾਸ਼ਟਰ ਦੇ ਵੱਖ-ਵੱਖ ਹਿੱਸਿਆਂ ਤੱਕ ਫੈਲਾਉਣ ਦਾ ਆਪਣਾ ਦਰਸ਼ਨ ਸਾਂਝਾ ਕੀਤਾ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਇੱਕ ਪਿੰਡ ਇੱਕ ਲੋਹੜੀ ਸਿਰਫ ਮਨੋਰੰਜਨ ਦਾ ਤਿਉਹਾਰ ਨਹੀਂ, ਸਗੋਂ ਇਹ ਸਮਾਜਿਕ ਏਕਤਾ ਨੂੰ ਵਧਾਵਾ ਅਤੇ ਪੰਜਾਬ ਦੀ ਸੰਸਕ੍ਰਿਤਿਕ ਧਰੋਹਰ ਨੂੰ ਸੰਭਾਲ ਕੇ ਰੱਖਣ ਦਾ ਇਕ ਉੱਦਮ ਹੈ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਮਹਾਰਾਸ਼ਟਰ ਸਰਕਾਰ, ਜਿਨ੍ਹਾਂ ਇਸ ਸਮਾਰੋਹ ਨੂੰ ਸਫਲ ਬਣਾਉਣ ਵਿੱਚ ਯੋਗਦਾਨ ਪਾਉਣ ਵਾਲੇ ਹਿੱਸੇਦਾਰਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ ਅਤੇ ਇਸ ਪਹਿਲ ਕਦਮ ਨਾਲ, ਅਕਾਦਮੀ ਭਵਿੱਖ ਵਿੱਚ ਸਮੂਹਕ ਤਿਉਹਾਰਾਂ ਦੇ ਹੋਰ ਪ੍ਰੋਗਰਾਮ ਕਰਨ ਲਈ ਉਤਸ਼ਾਹਤ ਹੈ।

# ਸਰਕਾਰ ਵਿਰੁੱਧ ਰੋਹ ਮੁਜ਼ਾਹਰਾ ਕਰਦਿਆਂ ਕਿਸਾਨਾਂ ਫੂਕਿਆ ਪੁਤਲਾ

**ਫ਼ਿਰੋਜ਼ਪੁਰ, 11 ਜਨਵਰੀ (ਮਨੋਹਰ ਲਾਲ)** : ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਦੀ ਅਗਵਾਈ ਹੇਠ ਪਿੰਡ ਮਹਿਮਾ ਵਿਖੇ ਕੇਂਦਰ ਸਰਕਾਰ ਦੇ ਪੁਤਲੇ ਫੂਕੇ ਗਏ ਕਿਉਂਕਿ ਸ਼ੰਭੂ ਅਤੇ ਖਨੌਰੀ ਬਾਰਡਰ ਉੱਪਰ ਲਗਭਗ ਪਿਛਲੇ ਇੱਕ ਸਾਲ ਤੋਂ ਬੈਠੇ ਹੋਏ ਕਿਸਾਨਾਂ ਦੀਆਂ ਜਾਇਜ ਮੰਗਾਂ ਨੂੰ ਕੇਂਦਰ ਸਰਕਾਰ ਵੱਲੋਂ ਅੱਖੋਂ ਪਰੋਲੇ ਕੀਤਾ ਜਾ ਰਿਹਾ ਹੈ ਅਤੇ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ ਤੇ ਬੈਠੇ ਹਨ ਪਰ ਸੈਂਟਰ ਸਰਕਾਰ ਦੇ ਕੰਨਾਂ ਤੇ ਜੂੰ ਨਹੀਂ ਸਰਕ ਰਹੀ, ਇਸ ਸੰਬੰਧ ਵਿੱਚ ਸ਼ੰਭੂ ਅਤੇ ਖਨੌਰੀ ਬਾਰਡਰ ਤੋਂ ਦਿੱਤੇ ਹੋਏ ਸੱਦੇ ਤੋਂ ਅੱਜ ਸਾਂਝੇ ਤਾਲਮੇਲ ਨਾਲ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜਿਲਾ ਫਿਰੋਜ਼ਪੁਰ ਵੱਲੋਂ ਪਿੰਡ ਮਹਿਮਾ ਵਿਖੇ ਪੁਤਲੇ ਫੂਕ ਕੇ ਆਪਣਾ ਰੋਸ ਮੁਜ਼ਾਹਰਾ ਪ੍ਰਗਟ ਕੀਤਾ ਗਿਆ। ਇਸ ਮੌਕੇ ਵਿਚਾਰ ਸਾਂਝੇ ਕਰਦਿਆਂ ਕਿਸਾਨਾਂ ਨੇ ਕਿਹਾ ਕਿ 2020 ਵਿੱਚ ਸਾਡੇ ਨਾਲ ਪੱਕਾ ਵਾਅਦਾ ਕਰਕੇ ਸੈਂਟਰ ਸਰਕਾਰ ਵੱਲੋਂ ਮੋਰਚਾ ਚੁਕਵਾ ਦਿੱਤਾ ਸੀ ਪਰ ਸੈਂਟਰ ਸਰਕਾਰ ਆਪਣੇ ਵਾਅਦਿਆਂ ਤੋਂ ਮੁੱਕਰ ਗਈ ਅਤੇ ਐਮ.ਐਸ.ਪੀ ਦੀ ਸਾਰੇ ਦੇਸ਼ ਵਿੱਚ ਲਾਗੂ ਕਰਨ ਅਤੇ ਐਮ.ਐਸ.ਪੀ ਦਾ ਗਰੰਟੀ ਕਾਨੂੰਨ ਬਣਾਉਣ ਦਾ ਵਾਅਦਾ ਕਰਕੇ ਪਿੱਛੇ ਹਟ ਗਈ। ਉਨ੍ਹਾਂ ਕਿਹਾ ਕਿ ਉਲਟਾ ਸੈਂਟਰ ਵੱਲੋਂ ਨਵਾਂ ਖੇਤੀ ਨੀਤੀ ਖਰੜਾ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਨੂੰ ਸੰਯੁਕਤ ਕਿਸਾਨ ਮੋਰਚਾ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰੇਗਾ। ਇਸ ਮੌਕੇ ਸਰਬਜੀਤ ਸਿੰਘ ਬੁੱਧੋ ਕੇ, ਸੰਦੀਪ ਸੰਧੂ, ਸਵਰਨ ਅਟਾਰੀ, ਗੁਰਨਾਮ ਸਿੰਘ ਡੱਫਰਕਾ, ਜੰਗੀਰ ਸਿੰਘ ਜੰਗ, ਅੰਗਰੇਜ ਸਿੰਘ ਜਾਗੋ ਕਾ, ਗੁਰਸੇਵਕ ਸਿੰਘ ਮਕਾਮ, ਅੰਗਰੇਜ਼ ਸਿੰਘ ਅਟਾਰੀ, ਜਰਮਨ ਸਿੰਘ ਭੰਗੂ, ਜਸ਼ਨ ਸਿੰਘ ਅਟਾਰੀ, ਅਵਤਾਰ ਸਿੰਘ ਭੋਲਾ ਆਦਿ ਸ਼ਾਮਿਲ ਸਨ।



# ਪੰਜਾਬ ਚ ਆਪ ਦੀ ਸੂਬਾ ਸਰਕਾਰ ਬੂਰੀ ਤਰਾਂ ਫੇਲ ਸਾਬਤ ਹੋਈ ਚੁੱਕੀ ਹੈ: ਐਡਵੋਕੇਟ ਖੇੜੀ



**ਸੇਰਪੁਰ ( ਰਣਜੀਤ ਸਿੰਘ ਪੇਧਨੀ )**-ਪੰਜਾਬ ਅੰਦਰ ਵੱਡੇ ਬਦਲਾਅ ਦੇ ਨਾਂ ਹੇਠ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਰਾਜ ਅੰਦਰ ਜਿੱਥੇ ਨਿਤ ਦਿਨ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਵਿੱਚ ਵਾਧਾ ਹੋ ਰਿਹਾ ਹੈ, ਉੱਥੇ ਨਸ਼ੇ ਵੀ ਭਗਵੰਤ ਮਾਨ ਸਰਕਾਰ ਦੇ ਰਾਜ ਦੌਰਾਨ ਘਰ ਘਰ ਪਹੁੰਚ ਚੁੱਕੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ, ਹਲਕਾ ਮਹਿਲ ਕਲਾਂ ਤੋਂ ਇੰਚਾਰਜ ਲਈ ਪ੍ਰਮੁੱਖ ਦਾਅਵੇਦਾਰ ਐਡਵੋਕੇਟ ਜਸਵੀਰ ਸਿੰਘ ਖੇੜੀ ਨੇ ਕੀਤਾ। ਉਹਨਾਂ ਕਿਹਾ ਕਿ ਸੂਬੇ ਅੰਦਰ ਨਿਤ ਦਿਨ ਹੋ ਰਹੇ ਕਾਤਲ ਜਿੱਥੇ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਹਨ। ਉਥੇ ਘਰ ਘਰ ਪੁੱਜੇ ਨਸ਼ੇ ਵੀ ਪੰਜਾਬ ਦੀ ਨੌਜਵਾਨੀ ਨੂੰ ਘੁਣ ਵਾਂਗ ਖਾ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕਾਂ ਦਾ ਸੂਬਾ ਸਰਕਾਰ ਅਤੇ ਪ੍ਰਸ਼ਾਸਨ ਤੋਂ ਵਿਸ਼ਵਾਸ ਉੱਠ ਚੁੱਕਾ । ਮੁੱਖ ਮੰਤਰੀ ਦੇ ਆਪਣੇ ਸ਼ਹਿਰ ਧੂਰੀ ਵਿਖੇ ਲੋਕ ਚੋਰੀਆ ਡਕੈਤੀਆਂ ਕਰਕੇ ਸਹਿਮੇ ਹੋਏ ਹਨ ਕਿਉਂਕਿ ਕਿਸੇ ਵੀ ਵਿਅਕਤੀ ਦੀ ਸਰਕਾਰੇ ਦੁਬਾਰੇ ਕੋਈ ਸੁਣਵਾਈ ਨਹੀਂ ਹੋ ਰਹੀ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਨਿਤ ਦਿਨ ਹੋ 'ਰਹੀਆਂ ਲੁੱਟਾਂ ਖੋਹਾਂ ਕਾਤਲਾਂ ਤੋਂ ਡਰੇ ਹੋਏ ਸਹਿਮ ਵਿੱਚ ਜਿੰਦਗੀ ਬਤੀਤ ਕਰਨ ਲਈ ਮਜਬੂਰ ਹਨ ਤੇ ਇੱਕ ਹਫਤੇ ਵਿੱਚ ਨਸ਼ਿਆਂ ਦਾ ਖਾਤਮਾ ਕਰਨ ਦੀਆਂ ਗੱਲਾਂ ਕਰਨ ਵਾਲੀ ਭਗਵੰਤ ਮਾਨ ਸਰਕਾਰ ਸੂਬੇ ਅੰਦਰ ਬੁਰੀ ਤਰ੍ਹਾਂ ਫੇਲ ਹੋ ਚੁੱਕੀ ਹੈ।

# ਚੰਡੀਗੜ੍ਹ ਵਿੱਚ ਸਲਾਹਕਾਰ ਦਾ ਆਹੁਦਾ ਖਤਮ ਕਰਕੇ ਮੁੱਖ ਸਕੱਤਰ ਲਾਉਣਾ ਅਤਿ ਨਿੰਦਣਯੋਗ ਰੰਧਾਵਾ



**ਸ਼ੇਰਪੁਰ ( ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ, ਸਾਬਕਾ ਪ੍ਰਧਾਨ ਟਰੱਕ ਯੂਨੀਅਨ ਸੇਰਪੁਰ, ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸੇਰਪੁਰ ਉੱਘੇ ਸਮਾਜ ਸੇਵੀ ਰਣਜੀਤ ਸਿੰਘ ਰੰਧਾਵਾ ਕਾਤਰੋਂ ਨੇ ਚੰਡੀਗੜ੍ਹ ਦੇ ਪ੍ਰਸ਼ਾਸਕ ਦੇ ਸਲਾਹਕਾਰ ਦੇ ਆਹੁਦੇ ਦੀ ਥਾਂ ਮੁੱਖ ਸਕੱਤਰ ਦਾ ਆਹੁਦਾ ਦੇਣ ਦੇ ਕੇਂਦਰ ਸਰਕਾਰ ਦੇ ਫੈਸਲੇ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਇਸ ਨਾਲ ਭਾਰਤ ਸਰਕਾਰ ਚੰਡੀਗੜ੍ਹ ਨੂੰ ਅਸਥਾਈ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਸਰਕਾਰ ਦਾ ਇਹ ਤਾਨਾਸ਼ਾਹੀ ਅਤੇ ਬਹੁਤ ਹੀ ਗੈਰ ਜਮਹੂਰੀ ਕਦਮ ਹੈ ਦੇਸ਼ ਵਿਚਲੀ ਕੇਂਦਰ ਸਰਕਾਰ ਨੂੰ ਪੰਜਾਬ ਅਤੇ ਹਰਿਆਣਾ ਦੀ ਸਲਾਹ ਬਿਨਾਂ ਚੰਡੀਗੜ੍ਹ ਦੇ ਪ੍ਰਸ਼ਾਸਕੀ ਪ੍ਰਬੰਧ ਨੂੰ ਬਦਲਣ ਦਾ ਕੋਈ ਅਧਿਕਾਰ ਨਹੀਂ ਹੈ ਕਿਉਂਕਿ ਚੰਡੀਗੜ੍ਹ ਸਿਰਫ ਪੰਜਾਬ ਦਾ ਹਿੱਸਾ ਹੈ ਇਸ ਕਰਕੇ ਸਰਕਾਰ ਨੂੰ ਆਪਣਾ ਇਹ ਫੈਸਲਾ ਤਰੁੰਤ ਵਾਪਸ ਲੈ ਲੈਣਾ ਚਾਹੀਦਾ ਹੈ। ਸਰਕਾਰ ਨੂੰ ਇਹ ਸੰਵੇਦਨਸ਼ੀਲ ਮੁੱਦੇ ਤੇ ਐਕਸ਼ਨ ਕਰਦਿਆਂ ਬੇਲੋੜੇ ਫੈਸਲੇ ਨੂੰ ਰੱਦ ਕਰਨਾ ਚਾਹੀਦਾ ਹੈ ਨਹੀਂ ਤਾਂ ਇਸ ਦੇ ਗੰਭੀਰ ਸਿੱਟੇ ਨਿਕਲਣਗੇ ਜਿਸ ਦੀ ਸਿੱਧੀ ਜ਼ਿੰਮੇਵਾਰੀ ਭਾਜਪਾ ਸਰਕਾਰ ਦੀ ਹੋਵੇਗੀ। ਉਨ੍ਹਾਂ ਨੇ ਪੰਜਾਬ ਵਿਚਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਇਸ ਸਬੰਧੀ ਲੋੜੀਂਦੇ ਕਦਮ ਨਾ ਚੁੱਕੇ ਜਾਣ ਤੇ ਆਲੋਚਨਾ ਕਰਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਸਰਕਾਰ ਹਰ ਫਰੰਟ ਤੇ ਫੇਲ੍ਹ ਹੋ ਚੁੱਕੀ ਹੈ ਜੋ ਸੂਬੇ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਅਸਫਲ ਹੋ ਚੁੱਕੀ ਹੈ ਇਹ ਸਰਕਾਰ ਪੰਜਾਬ ਦੇ ਹਿੱਤਾਂ ਦੀ ਅਵਾਜ਼ ਬੁਲੰਦ ਕਰਨ ਦੀ ਬਜਾਏ ਦਿੱਲੀ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਲਈ ਪ੍ਰਚਾਰ ਕਰ ਰਹੀ ਹੈ ਜਿਸ ਦਾ ਖਮਿਆਜ਼ਾ ਇਸ ਨੂੰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ 2027 ਵਿੱਚ ਭੁਗਤਣਾ ਪਵੇਗਾ।

# ਸੰਤ ਆਸ਼ਰਮ ਨਰੈਣਸਰ ਸੇਖਾਂ, ਜਲੂਰ ਵਿਖੇ ਮਹਾਨ ਗੁਰਮਤਿ ਸਮਾਗਮ 1,2 ਫਰਵਰੀ ਨੂੰ ਬਾਬਾ ਭਰਪੂਰ ਸਿੰਘ ਸੇਖਾਂ ਜਲੂਰ ਵਾਲੇ

ਬਰਨਾਲਾ ( ਰਣਜੀਤ ਸਿੰਘ ਪੇਧਨੀ ) ਸੱਚਖੰਡ ਵਾਸੀ ਬਾਬਾ ਨਰੈਣ ਸਿੰਘ ਮੋਨੀ ਤਪਾ ਦਰਾਜ ਮੁਹਾਲੀ ਵਾਲਿਆਂ ਦੀ ਨਿੱਘੀ ਅਤੇ ਮਿੱਠੀ ਯਾਦ ਨੂੰ ਤਾਜ਼ਾ ਕਰਦਿਆਂ ਗੁਰਦੁਆਰਾ ਸਾਹਿਬ ਸੰਤ ਆਸ਼ਰਮ ਨਰੈਣਸਰ ਸੇਖਾਂ ਜਲੂਰ ਸਾਹਿਬ ਵਿਖੇ ਮਹਾਨ ਗੁਰਮਤਿ ਸਮਾਗਮ ਮਿਤੀ 1, 2 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ।



ਇਸ ਦੇ ਸਬੰਧ ਵਿੱਚ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਦੁਆਰਾ ਸਾਹਿਬ ਸੰਤ ਆਸ਼ਰਮ ਨਰੈਣਸਰ ਸੇਖਾਂ ਜਲੂਰ ਸਾਹਿਬ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਭਰਪੂਰ ਸਿੰਘ ਸੇਖਾਂ ਜਲੂਰ ਵਾਲਿਆਂ ਨੇ ਕਿਹਾ ਕਿ ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਾਏ ਜਾਣਗੇ ਜਿਸ ਵਿਚ ਪ੍ਰਸਿੱਧ ਕਥਾ ਵਾਚਕ, ਸਿੱਖ ਧਰਮ ਦੇ ਪ੍ਰਚਾਰਕ, ਕਵੀਸ਼ਰੀ ਜਥੇ, ਰਾਗੀ-ਢਾਡੀ ਅਤੇ ਸੰਤਾਂ ਮਹਾਂਪੁਰਖਾਂ ਵਲੋਂ ਗੁਰਬਾਣੀ ਦੇ ਕੀਰਤਨ ਤੇ ਕਥਾ-ਵਖਿਆਨ ਦੁਆਰਾ ਸੰਗਤਾਂ ਨੂੰ ਸੰਤ ਬਾਬਾ ਰਣਜੀਤ ਸਿੰਘ ਤਪਾ ਦਰਾਜ ਮੁਹਾਲੀ ਵਾਲੇ ਵਿਸ਼ੇਸ ਤੌਰ 'ਤੇ ਸੰਤ ਬਾਬਾ ਨਰੈਣ ਸਿੰਘ ਮੋਨੀ ਜੀ ਦੇ ਜੀਵਨ ਬਾਰੇ ਸੰਗਤਾਂ ਕਥਾ ਵਿਚਾਰਾਂ ਦੀ ਸਾਂਝ ਪਾਉਣਗੇ। ਗੁਰੂ ਕਾ ਲੰਗਰ ਅਤੇ ਲੱਡੂਆ ਦਾ ਭੰਡਾਰਾ ਅਟੁੱਟ ਵਰਤੇਗਾ । ਇਸ ਮੌਕੇ ਜਥੇਦਾਰ ਮੱਖਣ ਸਿੰਘ, ਜਥੇਦਾਰ ਜਗਸੀਰ ਸਿੰਘ ਹਾਜ਼ਰ ਸਨ।

# ਦਿੱਲੀ 'ਚ ਸਪੱਸ਼ਟ ਬਹੁਮਤ ਨਾਲ ਬਣੇਗੀ ਆਮ ਆਦਮੀ ਪਾਰਟੀ ਦੀ ਸਰਕਾਰ ਗਗਨ ਜਵੰਦਾ



ਧੂਰੀ ( ਰਣਜੀਤ ਸਿੰਘ ਪੇਧਨੀ ) -ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗਗਨ ਜਵੰਦਾ ਪ੍ਰਧਾਨ ਟਰੱਕ ਯੂਨੀਅਨ ਧੂਰੀ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਪੂਰੇ ' ਬਹੁਮਤ ਨਾਲ ਜਿੱਤ ਦਰਜ ਕਰੇਗੀ ਅਤੇ ਅਰਵਿੰਦ ਕੇਜਰੀਵਾਲ ਹੀ ਦਿੱਲੀ ਦੇ ਅਗਲੇ ਮੁੱਖ ਮੰਤਰੀ ਹੋਣਗੇ। ਉਨ੍ਹਾਂ ਕਿਹਾ ਕਿ ਦਿੱਲੀ ਦੇ ਲੋਕ ਅਰਵਿੰਦ ਕੇਜਰੀਵਾਲ ਨੂੰ ਪਸੰਦ ਕਰਦੇ ਹਨ, ਜਿਨ੍ਹਾਂ ਨੇ ਪਿਛਲੇ ਸਾਲਾਂ ਦੌਰਾਨ ਆਮ ਲੋਕਾਂ ਦੇ ਨਾਲ-ਨਾਲ ਗਰੀਬ ਅਤੇ ਮੱਧ ਵਰਗ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਕੇਂਦਰ ਸਰਕਾਰ ਦੀਆਂ ਸਾਰੀਆਂ ਰੁਕਾਵਟਾਂ ਦੇ ਬਾਵਜੂਦ 'ਆਪ' ਸਰਕਾਰ ਨੇ ਵਧੀਆ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਸ ਦਿਨ ਤੋਂ ਲੈ ਕੇ ਅੱਜ ਤੱਕ ਜੋ ਵਿਕਾਸ ਹੋਇਆ ਹੈ ਉਹ ਪਿਛਲੇ 70 ਸਾਲਾਂ 'ਚ ਰਾਜ ਕਰ ਚੁੱਕੀਆਂ ਸਰਕਾਰਾਂ ਵੀ ਨਹੀਂ ਕਰ ਸਕੀਆਂ , ਜਿਸ ਦਾ ਸਿਹਰਾ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਨੂੰ ਜਾਂਦਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਖਾਨ ਕਹੇਰੂ, ਭੁਲਿੰਦਰ ਸਿੰਘ ਕਲੇਰਾਂ, ਅਵਤਾਰ ਸਿੰਘ ਤਾਰੀ ਭਸੌੜ ਹਾਜ਼ਰ ਸਨ।

ਆਰੀਆ ਸਮਾਜ ਧੂਰੀ ਵੱਲੋਂ ਲੋਹੜੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ

# ਲੋਕ ਸਮੂਹ ਨੂੰ ਸਰਬਸਾਂਝੀਵਾਲਤਾ ਅਤੇ ਸ਼ਾਂਤੀ ਬਣਾਉਣ ਦੀ ਲੋੜ: ਵਰਿੰਦਰ ਗਰਗ, ਵਿੱਕੀ ਪਰੋਚਾ







**ਧੂਰੀ ( ਰਣਜੀਤ ਸਿੰਘ ਪੇਧਨੀ )**-ਆਰੀਆ ਸਮਾਜ ਧੂਰੀ ਦੇ ਪ੍ਰਧਾਨ ਵਰਿੰਦਰ ਗਰਗ ਅਤੇ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਧਾਨ ਵਿੱਕੀ ਪਰੋਚਾ ਦੀ ਅਗਵਾਈ ਅਧੀਨ 'ਲੋਹੜੀ ਦਾ ਤਿਉਹਾਰ' ਬੜੀ ਧੂਮਧਾਮ ਨਾਲ ਮਨਾਇਆ ਗਿਆ ਜਿਸ ਵਿੱਚ ਸਥਾਨਕ ਆਰੀਆ ਸਿੱਖਿਆ ਸੰਸਥਾਵਾਂ ਦੇ ਵਿਦਿਆਰਥੀ ਅਤੇ ਅਧਿਆਪਕ ਸ਼ਾਮਲ ਹੋਏ। ਤਿਉਹਾਰ ਮਨਾਉਣ ਦੀ ਸ਼ੁਰੂਆਤ ਮੌਕੇ ਆਰੀਆ ਸਮਾਜ ਦੇ ਸਮੂਹ ਮੈਂਬਰਾਂ ਨੇ ਗਾਇਤਰੀ ਮੰਤਰੀ ਉਚਾਰਦੇ ਹੋਏ ਲੋਹੜੀ ਦੀ ਧੂਣੀ ਨੂੰ ਪ੍ਰਜਵਲਿਤ ਕੀਤਾ। ਇਸ ਮੌਕੇ ਆਰੀਆ ਸਮਾਜ ਦੇ ਪ੍ਰਧਾਨ ਵਰਿੰਦਰ ਗਰਗ ਅਤੇ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਧਾਨ ਵਿੱਕੀ ਪਰੋਚਾ ਨੇ ਕਿਹਾ ਕਿ ਲੋਹੜੀ ਦੇ ਪਵਿੱਤਰ ਤਿਉਹਾਰ ਮੌਕੇ ਲੋਕ ਸਮੂਹ ਨੂੰ ਸਰਬਸਾਂਝੀਵਾਲਤਾ ਅਤੇ ਸ਼ਾਂਤੀ ਬਣਾਉਣ ਦਾ ਪ੍ਰਣ ਲੈਣਾ ਚਾਹੀਦਾ ਹੈ ਤਾਂ ਜੋ ਚੰਗੇ ਸਮਾਜ ਦੀ ਉਸਾਰੀ ਹੋਵੇ। ਆਰੀਆ ਸਮਾਜ ਦੇ ਕਾਰਜਕਾਰੀ ਪ੍ਰਧਾਨ ਪਵਨ ਕੁਮਾਰ ਗਰਗ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਲੋਹੜੀ ਦਾ ਤਿਉਹਾਰ ਏਕਤਾ ਅਤੇ ਪ੍ਰੇਮ ਨਾਲ਼ ਮਨਾਉਣਾ ਚਾਹੀਦਾ ਹੈ। ਇਸ ਮੌਕੇ ਪਹੁੰਚੇ ਆਮ ਆਦਮੀ ਪਾਰਟੀ ਦੇ ਆਗੂ ਅਨਿਲ ਮਿੱਤਲ ਨੇ ਕਿਹਾ ਕਿ ਲੋਹੜੀ ਦਾ ਤਿਉਹਾਰ ਮਨਾਉਂਦੇ ਹੋਏ ਕੰਨਿਆ ਨੂੰ ਵੀ ਵਿਸ਼ੇਸ਼ ਮਹੱਤਵ ਦੇਣਾ ਸਮੇਂ ਦੀ ਲੋੜ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮੌਕੇ ਆਰੀਆ ਕਾਲਜ, ਆਰੀਆ ਸੀਨੀਅਰ ਸੈਕੰਡਰੀ ਸਕੂਲ, ਯਸ਼ ਚੌਧਰੀ ਆਰੀਆ ਮਾਡਲ ਸਕੂਲ ਅਤੇ ਮਹਾਸ਼ਾ ਚੇਤ ਰਾਮ ਟੈਕਨੀਕਲ ਇੰਸਟੀਚਿਊਟ ਦੇ ਵਿਦਿਆਰਥੀਆਂ ਵੱਲੋਂ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਵਿਦਿਆਰਥੀਆਂ ਨੇ ਲੋਹੜੀ ਨਾਲ ਸੰਬੰਧਿਤ ਸਕਿੱਟ, ਗੀਤ, ਗਿੱਧਾ, ਭੰਗੜਾ ਅਤੇ ਵਿਚਾਰ ਪੇਸ਼ ਕੀਤੇ। ਦੀਵਾਨ ਚੰਦ ਬਾਂਸਲ ਪ੍ਰਧਾਨ ਆਰੀਆ ਕਾਲਜ, ਵਿੱਕੀ ਪਰੋਚਾ ਪ੍ਰਧਾਨ ਆਰੀਆ ਸਕੂਲ ਅਤੇ ਸਤੀਸ਼ ਪਾਲ ਆਰੀਆ ਪ੍ਰਧਾਨ ਯਸ਼ ਚੌਧਰੀ ਸਕੂਲ ਨੇ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਅਤੇ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ। ਪ੍ਰੋਗਰਾਮ ਨੂੰ ਆਯੋਜਿਤ ਕਰਨ ਲਈ ਵਾਸਦੇਵ ਆਰੀਆ, ਸਾਬਕਾ ਵਾਈਸ ਪ੍ਰਿੰਸੀਪਲ ਕੁਸਮ ਜਿੰਦਲ, ਉਰਮਿਲਾ ਆਰੀਆ, ਰਾਜੇਸ਼ ਆਰੀਆ, ਮੈਨੇਜਰ ਵਿਜੈ ਆਰੀਆ, ਕੈਸ਼ੀਅਰ ਵਿਵੇਕ ਜਿੰਦਲ, ਰਾਕੇਸ਼ ਸ਼ਰਮਾ, ਰਜਨੀਸ਼ ਧੀਰ, ਐਮ.ਸੀ.ਧੀਰ, ਯੋਗੇਸ਼ ਅੱਤਰੀ, ਐਡਵੋਕੇਟ ਨਵਦੀਪ ਚਾਂਗਲੀ, ਐਡਵੋਕੇਟ ਪਰਵੀਨ ਮਿੱਤਲ, ਅਨਿਲ ਕੁਮਾਰ ਲੀਲਾ, ਹਰਮੇਲ ਸਿੰਘ ਢੀਂਡਸਾ, ਚਰਨਜੀਤ ਸਿੰਘ ਕੈਂਥ ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ। ਪ੍ਰੈਸ ਵੱਲੋਂ ਬਿੰਨੀ ਗਰਗ, ਵਿਕਾਸ ਵਰਮਾ, ਦਵਿੰਦਰ ਖੀਪਲ, ਪਵਨ ਕੁਮਾਰ ਵਰਮਾ, ਮਨੋਹਰ ਸੱਗੂ, ਸਰਿੰਦਰ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਪ੍ਰੋਗਰਾਮ ਵਿੱਚ ਪ੍ਰਿੰਸੀਪਲ ਸ਼ਿਮੰਦਰ ਕੌਰ, ਪ੍ਰਿੰਸੀਪਲ ਧਰਮਿੰਦਰ ਕੁਮਾਰ ਗਰਗ, ਪ੍ਰਿੰਸੀਪਲ ਮੋਨਿਕਾ ਵਾਟਸ, ਸਕੂਲ ਇੰਚਾਰਜ ਨੀਰੂ ਜਿੰਦਲ, ਪਰਦੀਪ ਚੰਦ ਆਦਿ ਸਟਾਫ਼ ਮੈਂਬਰ ਹਾਜ਼ਰ ਹੋਏ। ਮੰਚ ਸੰਚਾਲਨ ਦੀ ਭੂਮਿਕਾ ਆਰੀਆ ਸਮਾਜ ਦੇ ਸੈਕਟਰੀ ਰਾਮ ਪਾਲ ਆਰੀਆ ਨੇ ਬਾਖੂਬੀ ਨਿਭਾਈ। ਸੈਲੇਸ਼ ਸ਼ਾਸਤਰੀ ਨੇ ਸ਼ਾਂਤੀ ਪਾਠ ਕਰਵਾਕੇ ਪ੍ਰੋਗਰਾਮ ਦੀ ਸੰਪੂਰਨਤਾ ਕੀਤੀ। ਸਮਾਪਤੀ ਉਪਰੰਤ ਆਰੀਆ ਸਮਾਜ ਵੱਲੋਂ ਮੂੰਗਫਲੀ ਅਤੇ ਰਿਉੜੀਆਂ ਵੰਡੀਆਂ ਗਈਆਂ।

# ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਫ਼ਿਰੋਜ਼ਪੁਰ ਛਾਉਣੀ ਤਰਵੈਨੀ ਚੌਂਕ ਵਿਖੇ ਸ੍ਰੀ ਸੁਖਮਣੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ

ਫ਼ਿਰੋਜ਼ਪੁਰ, 11 ਜਨਵਰੀ (ਮਨੋਹਰ ਲਾਲ) :— ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤਰਵੈਨੀ ਚੌਂਕ ਫ਼ਿਰੋਜ਼ਪੁਰ ਛਾਉਣੀ ਵਿਖੇ ਸ੍ਰੀ ਸੁਖਮਣੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਇਸ ਮੌਕੇ ਤੇ ਰਾਗੀ ਜਥਿਆਂ ਵੱਲੋਂ ਕੀਰਤਨ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤਰਵੈਨੀ ਚੌਂਕ ਫ਼ਿਰੋਜ਼ਪੁਰ ਛਾਉਣੀ ਦੇ ਪ੍ਰਧਾਨ ਜ਼ੋਰਾ ਸਿੰਘ ਸੰਧੂ ਨੇ ਬੋਲਦਿਆਂ ਕਿਹਾ ਕਿ ਭਾਵੇਂ ਕਿ ਇਸ ਗੁਰਦੁਆਰਾ ਸਾਹਿਬ ਵਿਖੇ ਹੋਲੀ ਹੋਲੀ ਸੰਗਤਾਂ ਦਾ ਵਾਧਾ ਹੋ ਰਿਹਾ ਹੈ, ਕਿਉਂਕਿ ਇਹ ਗੁਰਦੁਆਰਾ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਡਰ ਸੀ, ਪਰ ਇਥੇ ਇਕ ਬੀਬੀ ਨਾਲ ਲੜਾਈ ਝਗੜਾ ਰਹਿਣ ਕਰਕੇ 5—6 ਸਾਲ ਉਸ ਬੀਬੀ ਨਾਲ ਲੜਾਈ—ਝਗੜਾ ਚਲਦਾ ਰਿਹਾ, ਜਿਸ ਨੇ ਗੁਰਦੁਆਰਾ ਸਾਹਿਬ ਦਾ ਰਸਤਾ ਵੀ ਬੰਦ ਕਰ ਦਿੱਤਾ ਸੀ ਅਤੇ ਬਾਅਦ ਵਿਚ ਉਸ ਬੀਬੀ ਤੇ ਪਰਚਾ ਵੀ ਹੋਇਆ, ਅਖੀਰ ਸਮੂਹ ਜਥੇਬੰਦੀਆਂ ਦੇ ਸਹਿਯੋਗ ਨਾਲ ਉਸ ਬੀਬੀ ਨਾਲ ਫੈਸਲਾ ਬੜੀ ਹੀ ਮੁਸ਼ਿਕਲ ਨਾਲ ਹੋਇਆ ਅਤੇ ਉਸ ਨੇ ਗੁਰਦੁਆਰਾ ਸਾਹਿਬ ਵਿਚੋਂ ਹੀ ਇਕ ਪਾਸੇ ਮਕਾਨ ਬਣਾਉਣ ਲਈ ਕਿਹਾ ਅਤੇ ਹੁਣ ਗੁਰਦੁਆਰਾ ਸਾਹਿਬ ਦਾ ਵਿਵਾਦ ਖਤਮ ਹੋ ਗਿਆ ਅਤੇ ਹੁਣ ਮੈਂ ਖੁਦ ਦੋਨੋਂ ਟਾਈਮ ਖੁਦ ਪਾਠ ਕਰਦਾ ਹਾਂ ਅਤੇ ਹੋਲੀ—ਹੋਲੀ ਸੰਗਤਾਂ ਗੁਰਦੁਆਰਾ ਸਾਹਿਬ ਆ ਰਹੀਆਂ ਹਨ ਅਤੇ ਹਰ ਰੋਜ਼ ਸੁਖਮਣੀ ਸਾਹਿਬ ਜੀ ਦੇ ਪਾਠ ਕੀਤੇ ਜਾਂਦੇ ਹਨ। ਇਸ ਮੌਕੇ ਤੇ ਗੁਰੂ ਕਾ ਪ੍ਰਸ਼ਾਦ ਸਮੋਸੇ, ਕਚੋਰੀ, ਪਕੌੜਿਆਂ ਦਾ ਲੰਗਰ ਅਤੇ ਚਾਹ ਦਾ ਲੰਗਰ ਅਤੁੱਟ ਵਰਤਾਇਆ ਗਿਆ।



ਆਵਾਜ਼ਿ ਕੌਮ AWAZE QAUM International Newspaper & WEB TV

# ਅਕਾਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਸੀਟੈਟ ਪ੍ਰੀਖਿਆ ਪਾਸ ਕੀਤੀ

ਤਲਵੰਡੀ ਸਾਬੋ, 11 ਜਨਵਰੀ (ਗੁਰਜੰਟ ਸਿੰਘ ਨਥੇਹਾ)– ਅਕਾਲ ਯੂਨੀਵਰਸਿਟੀ ਦੇ ਐਜੂਕੇਸ਼ਨ ਵਿਭਾਗ ਦੀਆਂ ਸੁਖਦੀਪ ਕੌਰ ਅਤੇ ਮਨਪ੍ਰੀਤ ਕੌਰ ਨੇ ਹਾਲ ਹੀ ਵਿੱਚ ਆਯੋਜਿਤ ਕੇਂਦਰੀ ਅਧਿਆਪਕ ਯੋਗਤਾ ਪ੍ਰੀਖਿਆ (3"5") ਵਿੱਚ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ। ਇਹ ਰਾਸ਼ਟਰੀ ਪੱਧਰ ਦੀ ਮੁਕਾਬਲਾ ਪ੍ਰੀਖਿਆ ਦਸੰਬਰ 2024 ਵਿੱਚ ਆਯੋਜਿਤ ਕੀਤੀ ਗਈ ਸੀ। ਇਹ ਮਹੱਤਵਪੂਰਨ ਪ੍ਰਾਪਤੀ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਦੁਆਰਾ ਪ੍ਰਾਪਤ ਪ੍ਰਸ਼ੰਸਾ ਦੀ ਲੰਬੀ ਸੂਚੀ ਵਿੱਚ ਵਾਧਾ ਕਰਦੀ ਹੈ, ਕਿਉਂਕਿ ਦੋਵੇਂ ਵਿਦਿਆਰਥੀ ਵੱਖ-ਵੱਖ ਮੁਕਾਬਲਾ ਪ੍ਰੀਖਿਆਵਾਂ ਨੂੰ ਪਾਸ ਕਰਨ ਵਿੱਚ ਨਿਰੰਤਰ ਪ੍ਰਭਾਵੀ ਪ੍ਰਦਰਸ਼ਨ ਕਰਦੇ ਰਹੇ ਹਨ। ਇਹ ਨਾ ਸਿਰਫ਼ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਨੂੰ ਦਰਸਾਉਂਦਾ ਹੈ ਬਲਕਿ ਕੈਂਪਸ ਵਿੱਚ ਉੱਚ ਯੋਗਤਾ ਪ੍ਰਾਪਤ ਫੈਕਲਟੀ ਦੇ ਸਮਰਪਣ ਨੂੰ ਵੀ ਦਰਸਾਉਂਦਾ ਹੈ। ਵਿਭਾਗ ਵੱਲੋਂ ਰੋਜ਼ਾਨਾ ਕਲਾਸਾਂ, ਮਾਸਿਕ ਮੌਕ ਟੈਸਟ, ਵਿਦਿਆਰਥੀਆਂ ਦੀਆਂ ਖਾਸ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵਿਅਕਤੀਗਤ ਉਪਚਾਰਕ ਸੈਸ਼ਨਾਂ ਅਤੇ CTET ਅਤੇ PSTET ਸਮੇਤ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਦੇ ਨਿਰੰਤਰ ਕੀਤੇ ਜਾਂਦੇ ਹਨ। ਅਧਿਆਪਕਾਂ ਦੁਆਰਾ ਵਿਦਿਆਰਥੀਆਂ ਦਾ ਨਿਰੰਤਰ ਮਾਰਗਦਰਸ਼ਨ ਕੀਤਾ ਜਾਂਦਾ ਹੈ। ਵਿਦਿਆਰਥੀਆਂ ਦੀ ਇਸ ਸਫਲਤਾ ਲਈ ਵਿਭਾਗ ਮੁਖੀ ਅਤੇ ਸਾਥੀ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।





ਆਵਾਜ਼ਿ ਕੌਮ AWAZE QAUM International Newspaper & WEB TV

# ਦਿੱਲੀ ਪਬਲਿਕ ਸਕੂਲ ਨੇ ਕਰਵਾਇਆ ਅਨੋਖੇ ਢੰਗ ਨਾਲ ਸਮਾਗਮ







**ਫ਼ਿਰੋਜ਼ਪੁਰ, 11 ਜਨਵਰੀ (ਮਨੋਹਰ ਲਾਲ) :—** ਸਥਾਨਕ ਫਰੀਦਕੋਟ ਰੋਡ ਤੇ ਸਥਿਤ ਦਿੱਲੀ ਪਬਲਿਕ ਸਕੂਲ ਫਿਰੋਜ਼ਪੁਰ ਵਿੱਚ ਆਯੋਜਿਤ ਡਾਇਨੋਮਾਈਟ ਉਤਸਵ ਨੇ ਆਪਣੇ ਅਨੋਖੇ ਅੰਦਾਜ ਅਤੇ ਸ਼ਾਨਦਾਰ ਆਯੋਜਨ ਨਾਲ ਸਭ ਦਾ ਦਿਲ ਜਿੱਤ ਲਿਆ। ਇਹ ਪ੍ਰੋਗਰਾਮ ਨਾ ਸਿਰਫ ਫਿਰੋਜ਼ਪੁਰ ਲਈ ਬਲਕਿ ਫਰੀਦਕੋਟ, ਜੀਰਾ, ਗੁਰੂਹਰਸਹਾਏ, ਤਲਵੰਡੀ ਅਤੇ ਮਖੂ ਦੇ ਨਿਵਾਸੀਆਂ ਲਈ ਵੀ ਇੱਕ ਅਵਿਸਮਰਨੀਯ ਅਨੁਭਵ ਬਣ ਗਿਆ। ਸਕੂਲ ਦਾ ਪ੍ਰਾਂਗਣ ਆਪਣੀ ਪ੍ਰਾਕ੍ਰਿਤਿਕ ਸੋਹਣੀਅਤ ਦੇ ਨਾਲ ਨਾਲ ਕ੍ਰਿਤ੍ਰਿਮ ਸਜਾਵਟ ਨਾਲ ਦਰਸ਼ਕਾਂ ਦਾ ਮੁੱਖ ਆਕਰਸ਼ਣ ਬਣਿਆ ਰਹਿਣਾ, ਪ੍ਰਾਤ 10 ਵਜੇ ਸੂਰਜ ਦੀ ਲਾਲੀਮਾ ਨਾਲ ਉਤਸਵ ਦਾ ਸ਼ੁਭਾਰੰਭ ਹੋਇਆ ਅਤੇ ਪੂਰੇ ਦਿਨ ਭਰ ਹਰ ਜਗ੍ਹਾ ਚਹਿਲ ਪਹਿਲ ਅਤੇ ਉਲਾਸ ਦਾ ਮਾਹੌਲ ਰਿਹਾ। ਇਸ ਮੌਕੇ ਵੱਖ—ਵੱਖ ਸਵਾਦਿਸ਼ਟ ਖਾਣੇ ਪੀਣੇ ਦੇ ਸਟਾਲਾਂ ਨੇ ਲੋਕਾਂ ਦਾ ਦਿਲ ਜਿੱਤ ਲਿਆ, ਰੋਬੋਟਿਕ ਡਾਇਨਾਸੌਰ ਅਤੇ ਗੋਰੀਲਾ ਵਰਗੇ ਯਾਂਤਰਿਕ ਪ੍ਰਦਰਸ਼ਨਾਂ ਨੇ ਬੱਚਿਆਂ ਅਤੇ ਵੱਡਿਆਂ ਦੋਹਾਂ ਨੂੰ ਆਪਣੀ ਓਰ ਖਿੱਚਿਆ, ਲੋਕ ਇਨ੍ਹਾਂ ਅਦਭੁਤ ਰਚਨਾਵਾਂ ਨਾਲ ਤਸਵੀਰਾਂ ਖਿੱਚਵਾਉਣ ਲਈ ਉਤਸ਼ੁਕ ਦਿਖਾਈ ਦਿੱਤੇ। ਸਕੂਲ ਦੇ ਵਿਦਿਆਰਥੀਆਂ ਨੇ ਆਪਣੀ ਬੌਧਿਕ ਅਤੇ ਸਾਂਸਕ੍ਰਿਤਿਕ ਪ੍ਰਤਿਭਾਵਾਂ ਦਾ ਐਸਾ ਪ੍ਰਦਰਸ਼ਨ ਕੀਤਾ ਜਿਸਨੇ ਉਤਸਵ ਨੂੰ ਚਾਰ ਚਾਂਦ ਲਾ ਦਿੱਤੇ। ਰੋਮਾਂਚਕ ਖੇਲ ਅਤੇ ਹੋਰ ਗਤੀਵਿਧੀਆਂ ਨੇ ਸਾਰੇ ਉਮਰ ਸਮੂਹਾਂ ਨੂੰ ਵਿਅਸਤ ਅਤੇ ਆਨੰਦਿਤ ਰੱਖਿਆ। ਸ਼ਾਮ 4 ਵਜੇ ਉਤਸਵ ਦਾ ਸਮਾਪਨ ਲਕੀ ਡਰੋ ਦੀ ਵੰਡ ਨਾਲ ਹੋਇਆ, ਜਿਸ ਵਿੱਚ ਵਿਜੇਤਾਵਾਂ ਨੂੰ ਕੀਮਤੀ ਉਪਹਾਰ ਦਿੱਤੇ ਗਏ। ਸਕੂਲ ਦੀ ਪ੍ਰਿੰਸੀਪਲ ਡਾਕਟਰ ਲਤਾ ਤੇਜ਼ਪਾਲ ਨੇ ਸਭ ਵਿਦਿਆਰਥੀਆਂ, ਅਭਿਵਾਵਕਾਂ ਅਤੇ ਸਹਾਇਕ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਤੁਹਾਡੇ ਸਹਿਯੋਗ ਦੇ ਬਿਨਾ ਇਹ ਆਯੋਜਨ ਇੰਨਾ ਸਫਲ ਅਤੇ ਯਾਦਗਾਰ ਨਹੀਂ ਬਣ ਪਾਉਂਦਾ। ਉਨ੍ਹਾਂ ਇਹ ਵੀ ਆਸ਼ਵਾਸਨ ਦਿੱਤਾ ਕਿ ਸਕੂਲ 2025 ਵਿੱਚ ਹੋਰ ਵੀ ਇਸ ਤਰ੍ਹਾਂ ਦੇ ਸ਼ਿਸ਼ਕ ਅਤੇ ਮਨੋਰੰਜਕ ਪ੍ਰੋਗਰਾਮਾਂ ਦਾ ਆਯੋਜਨ ਕਰਨਗਾ। ਡਾਇਨੋਮਾਈਟ ਉਤਸਵ ਨੇ ਨਾ ਸਿਰਫ਼ ਸਿੱਖਿਆ ਅਤੇ ਮਨੋਰੰਜਨ ਦਾ ਸੰਗਮ ਪੇਸ਼ ਕੀਤਾ, ਬਲਕਿ ਇਹ ਸਮੂਹਿਕ ਉਤਸ਼ਾਹ, ਰਚਨਾਤਮਕਤਾ ਅਤੇ ਸਹਿਯੋਗ ਦਾ ਪ੍ਰਤੀਕ ਬਣ ਕੇ ਉਭਰਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਮਾਤਾ ਭਾਗ ਕੌਰ ਜੀ ਤੋਂ ਵਿਸ਼ਾਲ ਨਗਰ ਕੀਰਤਨ ਮੁਕਤਸਰ ਸਾਹਿਬ ਲਈ ਹੋਇਆ ਰਵਾਨਾ

**ਸਰਾਏ ਅਮਾਨਤ ਖਾਂ, 11 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਇਤਿਹਾਸਕ ਗੁਰਦੁਆਰਾ ਮਾਤਾ ਭਾਗ ਕੌਰ ਜੀ ਝਬਾਲ ਤੋਂ ਅੱਜ ਮਾਘੀ ਦੇ ਪਵਿੱਤਰ ਦਿਹਾੜੇ ਤੇ ਸ੍ਰੀ ਮੁਕਤਸਰ ਸਾਹਿਬ ਜੀ ਲਈ ਵਿਸ਼ਾਲ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਮੁੱਖ ਸੇਵਾਦਾਰ ਬਾਬਾ ਗੁਰਸੇਵਕ ਸਿੰਘ ਦੇ ਉਦਮ ਸਦਕਾ ਗ੍ਰੰਥੀ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਰਿਵਾਨਾ ਹੋਇਆ। ਇਸ ਸਮੇਂ ਪਹੁੰਚੇ ਹਲਕੇ ਦੇ ਸੀਨੀਅਰ ਕਾਂਗਰਸੀ ਆਗੂ ਕਰਨਬੀਰ ਸਿੰਘ ਨੇ ਗੁਰਦੁਆਰਾ ਸਾਹਿਬ ਲਈ ਨਗਦ ਗਿਆਰਾਂ ਹਜ਼ਾਰ ਰੁਪੈ ਮੁੱਖ ਸੇਵਾਦਾਰ ਬਾਬਾ ਗੁਰਸੇਵਕ ਸਿੰਘ ਨੂੰ ਦੇਂਦਿਆਂ ਕਿਹਾ ਕਿ ਅਜਿਹੇ ਸ਼ੁਭ ਕੰਮ ਕਰਨ ਅਤੇ ਹਲਕੇ ਦੇ ਲੋਕਾਂ ਦੀ ਸੇਵਾ ਲਈ ਮੈਂ ਹਮੇਸ਼ਾ ਲੋਕਾਂ ਲਈ ਹਾਜ਼ਰ ਹਾਂ ਉਹਨਾਂ ਕਿਹਾ ਕਿ ਸਿੱਖ ਇਤਿਹਾਸ ਵਿੱਚ ਮਾਤਾ ਭਾਗ ਕੌਰ ਜੀ ਦੀ ਬਹੁਤ ਵੱਡੀ ਦੇਣ ਹੈ। ਇਸ ਸਮੇਂ ਗੁਰਦੁਆਰਾ ਕਮੇਟੀ ਨੇ ਕਾਂਗਰਸੀ ਆਗੂ ਕਰਨਬੀਰ ਸਿੰਘ ਬੁਰਜ ਅਤੇ ਹੋਰ ਪ੍ਰਮੁੱਖ ਆਗੂਆਂ ਨੂੰ ਸਨਮਾਨਤ ਕੀਤਾ। ਇਸ ਸਮੇਂ ਬਾਬਾ ਗੁਰਸੇਵਕ ਸਿੰਘ ਝਬਾਲ ਨੇ ਕਿਹਾ ਕਿ ਇਹ ਨਗਰ ਕੀਰਤਨ ਇਥੋਂ ਚਲਕੇ ਵੱਖ ਵੱਖ ਥਾਵਾਂ ਤੋਂ ਹੁੰਦਾ ਹੋਇਆ 14 ਜਨਵਰੀ ਨੂੰ ਵਾਪਸ ਝਬਾਲ ਪਹੁੰਚੇਗਾ। ਇਸ ਸਮੇਂ ਵਿਕਰਮ ਸਿੰਘ ਢਿੱਲੋ, ਬਖਸ਼ੀਸ਼ ਸਿੰਘ, ਬਿੱਲੂ, ਨਿਰਮਲ ਸਿੰਘ, ਦਰਸ਼ਨ ਸਿੰਘ ਸੁਰਗਾਪੁਰੀ, ਡਾਕਟਰ ਗੁਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਪਾਰਟੀ ਹੀ ਪੰਥਕ ਰਾਜਨੀਤੀ ਦੀ ਸੁਚੱਜੀ ਅਗਵਾਈ ਅਤੇ**

# ਪੰਜਾਬ ਦੇ ਭਵਿੱਖ ਲਈ ਬਿਹਤਰ ਹੱਲ : ਸ਼ਮਸ਼ੇਰ ਸਿੰਘ ਪੱਧਰੀ



**ਅੰਮ੍ਰਿਤਸਰ, 11 ਜਨਵਰੀ (ਆਵਾਜ਼ਿ ਕੌਮ ਬਿਊਰੋ)-** ਧਾਰਮਿਕ ਆਗੂ ਭਾਈ ਸ਼ਮਸ਼ੇਰ ਸਿੰਘ ਪੱਧਰੀ ਨੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਅਗਵਾਈ ਵਿੱਚ ਬਣਨ ਜਾ ਰਹੀ ਨਵੀਂ ਖੇਤਰੀ ਸਿਆਸੀ ਪਾਰਟੀ ਦੇ ਸਬੰਧ ਵਿੱਚ ਇਕ ਪ੍ਰੈਸ ਨੋਟ ਰਾਂਹੀ ਕਿਹਾ ਕਿ ਪੰਜਾਬ ਦੇ ਮੌਜੂਦਾ ਹਾਲਾਤਾਂ ਵਿਚ, ਜਿੱਥੇ ਧਾਰਮਿਕ ਅਪਮਾਨ, ਰਾਜਨੀਤਿਕ ਅਸਥਿਰਤਾ, ਪਰਵਾਸੀ ਆਵਾਸ ਅਤੇ ਆਰਥਿਕ ਤਬਾਹੀ ਨੇ ਪੰਜਾਬੀ ਸਮਾਜ ਨੂੰ ਕਮਜ਼ੋਰ ਕੀਤਾ ਹੈ, ਅਜਿਹੇ ਵਿੱਚ ਇੱਕ ਸੱਚੇ ਅਤੇ ਮਜ਼ਬੂਤ ਨੇਤਾ ਦੀ ਘਾਟ ਮਹਿਸੂਸ ਹੋ ਰਹੀ ਹੈ। ਇਸ ਪਰਿਸ਼ਿਥਤੀ ਵਿੱਚ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਨਵੀਂ ਖੇਤਰੀ ਸਿਆਸੀ ਪਾਰਟੀ ਦਾ ਗਠਨ ਇੱਕ ਸੰਭਾਵਨਾ ਪੈਦਾ ਕਰਦਾ ਹੈ ਕਿ ਸੂਬੇ ਦੀਆਂ ਮੁੱਢਲੀ ਸਮੱਸਿਆਵਾਂ ਦਾ ਹੱਲ ਲੱਭਣ ਲਈ ਇਹ ਪਲੇਟਫਾਰਮ ਕਾਰਗਰ ਸਾਬਤ ਹੋਵੇਗਾ।

**ਨਵੀਂ ਪਾਰਟੀ ਦੀ ਲੋੜ ਕਿਉਂ ?**

ਪਿਛਲੇ ਕੁਝ ਦਸ਼ਕਾਂ ਵਿੱਚ ਪੰਜਾਬ ਦੀ ਰਾਜਨੀਤਿਕ ਸਥਿਤੀ ਬਹੁਤ ਹੱਦ ਤੱਕ ਗਿਰ ਚੁੱਕੀ ਹੈ। ਕਈ ਦਲ ਆਪਣੇ ਅਸਲੀ ਆਦਰਸ਼ਾਂ ਤੋਂ ਹਟ ਗਏ ਹਨ, ਅਤੇ ਲੋਕਾਂ ਦਾ ਭਰੋਸਾ ਖਤਮ ਹੁੰਦਾ ਜਾ ਰਿਹਾ ਹੈ। ਇਹਨਾਂ ਵਿੱਚ ਕਈ ਮੁੱਦੇ ਹਨ ਜਿਵੇਂ ਕਿ:

1. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ: ਇਸ ਮੁੱਦੇ ਨੂੰ ਅਜੇ ਤੱਕ ਸੰਪੂਰਨ ਨਿਆਂ ਨਹੀਂ ਮਿਲਿਆ।
2. ਕਿਸਾਨੀ ਸੰਕਟ: ਕਿਸਾਨਾਂ ਦੇ ਹੱਕਾਂ ਲਈ ਰਾਜਨੀਤਿਕ ਤਾਕਤਾਂ ਨੇ ਜ਼ਮੀਨੀ ਪੱਧਰ ਤੇ ਕਮਜ਼ੋਰੀ ਦਿਖਾਈ ਹੈ।
3. ਪੰਜਾਬੀ ਨੌਜਵਾਨਾਂ ਦੀ ਨਸ਼ਿਆਂ ਵੱਲ ਵਧਦਾ ਰੁਝਾਨ : ਇਸ ਨੇ ਸਮਾਜ ਦੀ ਮੂਲ ਸਥਿਰਤਾ ਨੂੰ ਖਤਰੇ ਵਿੱਚ ਪਾ ਦਿੱਤਾ ਹੈ।
4. ਧਾਰਮਿਕ ਸਿਹਨਸ਼ੀਲਤਾ ਅਤੇ ਰਾਜਨੀਤਿਕ ਸਵਾਧੀਨਤਾ ਦਾ ਅਸਲ: ਸਿੱਖ ਧਰਮ ਅਤੇ ਖੇਤਰੀ ਰਾਜਨੀਤਕ ਹੱਕਾਂ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ।
5. ਪੰਜਾਬ ਅਤੇ ਪੰਜਾਬੀਆਂ ਦੇ ਸਮਾਜਿਕ ਮੁੱਦੇ ਜਿਵੇਂ ਨਸ਼ਾ ਮਾਫੀਆ, ਕਿਸਾਨੀ ਦੇ ਹੱਕ, ਬੇਅਦਬੀਆਂ ਅਤੇ ਬੇਰੁਜ਼ਗਾਰੀ ਜਿਹੇ ਮੁੱਖ ਮਸਲੇ ਸਰਕਾਰਾਂ ਹੱਲ ਕਰਨ ਵਿੱਚ ਨਾਕਾਮ ਰਹੀਆਂ ਹਨ। ਸਰਕਾਰਾਂ ਨੇ ਇਨ੍ਹਾਂ ਮੁੱਦਿਆਂ ਨੂੰ ਸਿਰਫ ਰਾਜਨੀਤਿਕ ਤੌਰ 'ਤੇ ਵਰਤਿਆ ਹੈ, ਪਰ ਖਰਾਬ ਹਾਲਾਤਾਂ ਨੂੰ ਠੀਕ ਕਰਨ ਲਈ ਕਿਸੇ ਯੋਗ ਢੰਗ ਨਾਲ ਕਾਰਵਾਈ ਨਹੀਂ ਕੀਤੀ।

ਉਹਨਾਂ ਕਿਹਾ ਕਿ ਇਹ ਸਾਰੇ ਮੁੱਦੇ ਇਸ ਗੱਲ ਦੀ ਵਿਆਖਿਆ ਕਰਦੇ ਹਨ ਕਿ ਇੱਕ ਨਵੀਂ ਅਤੇ ਮਜ਼ਬੂਤ ਪਾਰਟੀ ਦੀ ਲੋੜ ਹੈ, ਜੋ ਪੰਜਾਬ ਦੇ ਸੱਚੇ ਹਿੱਤਾਂ ਦੀ ਨੁਮਾਇੰਦਗੀ ਕਰੇ।

**ਭਾਈ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਦੀ ਅਹਿਮੀਅਤ**

ਭਾਈ ਅੰਮ੍ਰਿਤਪਾਲ ਸਿੰਘ ਇਸ ਵਕਤ ਸਿੱਖ ਧਰਮ ਦੇ ਸਿਧਾਂਤਾਂ ਅਤੇ ਪੰਥਕ ਮੂਲਵਿਚਾਰਾਂ ਨੂੰ ਸਿਰ ਮੱਥੇ ਰੱਖਣ ਵਾਲੇ ਨੇਤਾ ਮੰਨੇ ਜਾ ਰਹੇ ਹਨ। ਉਹ ਸਿਰਫ਼ ਧਾਰਮਿਕ ਪੱਖ ਤੋਂ ਹੀ ਨਹੀਂ, ਸਗੋਂ ਸਮਾਜਿਕ ਅਤੇ ਰਾਜਨੀਤਿਕ ਪੱਖ ਤੋਂ ਵੀ ਅਹਿਮ ਚਰਚਾ ਵਿੱਚ ਹਨ। ਨਵੀਂ ਪਾਰਟੀ ਦਾ ਉਦੇਸ਼ ਸਿਰਫ਼ ਸਿਆਸੀ ਸ਼ਕਤੀ ਹਾਸਲ ਕਰਨਾ ਨਹੀਂ, ਸਗੋਂ ਧਾਰਮਿਕ ਅਦਰਸ਼ਾਂ ਦੇ ਆਧਾਰ 'ਤੇ ਪੰਜਾਬ ਦੇ ਸਮਾਜਕ ਹਿੱਤਾਂ ਦੀ ਰੱਖਿਆ ਕਰਨੀ ਹੈ।

**ਨਵੀਂ ਪਾਰਟੀ ਤੋਂ ਉਮੀਦਾਂ**



1. ਧਾਰਮਿਕ ਅਤੇ ਰਾਜਨੀਤਿਕ ਸੰਤੁਲਨ: ਸਿੱਖ ਅਦਰਸ਼ਾਂ ਅਧਾਰਿਤ ਸ਼ਾਸਨ, ਜਿੱਥੇ ਹਰ ਧਰਮ ਅਤੇ ਜਾਤੀ ਦਾ ਸਨਮਾਨ ਕੀਤਾ ਜਾਵੇ।
2. ਜਵਾਨਾਂ ਲਈ ਰਾਹਦਾਰੀ: ਨਸ਼ਿਆਂ ਵਿਰੁੱਧ ਜੰਗ ਅਤੇ ਸਿੱਖਿਆ ਦੇ ਮੂਲ ਸੰਸਥਾਵਾਂ ਦਾ ਸਥਾਪਨ।
3. ਕਿਸਾਨੀ ਤੇ ਕਿਸਾਨਾਂ ਦੀ ਰੱਖਿਆ: ਨਵੀਂ ਖੇਤੀ ਪਾਲਿਸੀਆਂ ਅਤੇ ਕਿਸਾਨਾਂ ਨੂੰ ਸਮਰਥਨ।
4. ਪੰਜਾਬ ਦੀ ਖੁਦਮੁਖਤਿਆਰੀ: ਸੂਬੇ ਦੇ ਹੱਕਾਂ ਦੀ ਮੰਗ ਅਤੇ ਕੇਂਦਰ ਸਰਕਾਰ ਦੇ ਘਾਤਕ ਰਵੱਈਏ ਵਿਰੁੱਧ ਮਜ਼ਬੂਤ ਮੋਰਚਾ।
5. ਭਵਿੱਖ ਲਈ ਰਾਹ

ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਨਵੀਂ ਪਾਰਟੀ ਦਾ ਗਠਨ ਸਿਰਫ਼ ਇੱਕ ਰਾਜਨੀਤਿਕ ਪਾਇਲਟ ਪ੍ਰਾਜੈਕਟ ਨਹੀਂ, ਸਗੋਂ ਧਾਰਮਿਕ ਅਤੇ ਸਮਾਜਕ ਸਿੱਧਾਂਤਾਂ ਨੂੰ ਅਗੇ ਵਧਾਉਣ ਦਾ ਯਤਨ ਹੈ। ਜੇ ਇਹ ਪਾਰਟੀ ਪੂਰੇ ਪੰਜਾਬ ਦੇ ਲੋਕਾਂ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਵਿੱਚ ਸਫਲ ਰਹਿੰਦੀ ਹੈ, ਤਾਂ ਇਹ ਸਿਰਫ਼ ਸਿੱਖ ਕੌਮ ਲਈ ਹੀ ਨਹੀਂ, ਸਗੋਂ ਸਾਰੇ ਪੰਜਾਬ ਲਈ ਨਵੀਂ ਉਮੀਦ ਸਾਬਤ ਹੋ ਸਕਦੀ ਹੈ। ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਜਦੋਂ ਵੀ ਸਮਾਜ ਉੱਤੇ ਕਾਲੇ ਬੱਦਲ ਛਾਏ ਹਨ, ਉਦੋਂ ਉਦੋਂ ਹੀ ਸਿੱਖੀ ਦੇ ਅਸੂਲਾਂ ਤੇ ਅਧਾਰਿਤ ਆਗੂਆਂ ਨੇ ਸੂਬੇ ਨੂੰ ਰਾਹ ਦਿੱਤਾ ਹੈ। ਅਜਿਹੇ ਵਿੱਚ, ਭਾਈ ਅੰਮ੍ਰਿਤਪਾਲ ਸਿੰਘ ਦੀ ਖੇਤਰੀ ਸਿਆਸੀ ਪਾਰਟੀ ਪੰਜਾਬ ਦੇ ਸੱਚੇ ਹਿੱਤਾਂ ਦੀ ਰੱਖਿਆ ਕਰਨ ਲਈ ਬਿਹਤਰ ਹੱਲ ਸਾਬਤ ਹੋਵੇਗੀ।

**ਗੁਰਬੀਰ ਸਿੰਘ ਭੁੱਲਰ ਪੀ.ਆਰ.ਓ ਜਾਰਜੀਆ ਆਪਣੇ ਮਾਮਿਆਂ ਕੋਲ ਪਿੰਡ ਕਿਲੀ ਆਇਆ, ਅਚਾਨਕ ਹੋਈ ਮੌਤ**

# ਅੰਤਿਮ ਅਰਦਾਸ ਤੇ ਪਾਠ ਦਾ ਭੋਗ ਪਾਇਆ

**ਫ਼ਿਰੋਜ਼ਪੁਰ, 11 ਜਨਵਰੀ (ਮਨੋਹਰ ਲਾਲ) :—** ਗੁਰਬੀਰ ਸਿੰਘ ਭੁੱਲਰ ਪੀ.ਆਰ.ਓ ਜਾਰਜੀਆ ਆਪਣੇ ਮਾਪਿਆਂ ਭਾਈ ਨਿਰਵੈਰ ਸਿੰਘ ਸਿੱਧੂ ਸਾਬਕਾ ਸਰਪੰਚ ਪਿੰਡ ਕਿਲੀ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਲੱਖੋਕੇ ਬਹਿਰਾਮ ਅਤੇ ਦਿਲਬਾਗ ਸਿੰਘ ਸਿੱਧੂ ਪਿੰਡ ਕਿਲੀ ਕੋਲ ਮਿਲਣ ਆਇਆ ਅਤੇ ਅਚਾਨਕ ਤਬੀਅਤ ਖਰਾਬ ਹੋਣ ਕਰਕੇ 5 ਜਨਵਰੀ 2025 ਨੂੰ ਪਿੰਡ ਕਿਲੀ ਵਿਖੇ ਦੇਹਾਂਤ ਹੋ ਗਿਆ ਸੀ, ਦੀ ਅੰਤਿਮ ਅਰਦਾਸ ਅਤੇ ਸਹਿਜ ਪਾਠ ਦਾ ਭੋਗ ਗੁਰਦੁਆਰਾ ਢਾਬਸਰ ਸਾਹਿਬ ਬਾਬਾ ਬੇਰੀ ਵਾਲਾ ਫ਼ਿਰੋਜ਼ਪੁਰ—ਫ਼ਾਜ਼ਿਲਕਾ ਰੋਡ ਪਿੰਡ ਕਰੀ ਕਲਾਂ ਫ਼ਿਰੋਜ਼ਪੁਰ ਵਿਖੇ ਪਾਇਆ ਗਿਆ। ਇਥੇ ਇਹ ਦਸਣਯੋਗ ਹੈ ਕਿ ਗੁਰਬੀਰ ਸਿੰਘ ਭੁੱਲਰ ਜ਼ੋ ਕਿ ਜਾਰਜੀਆ ਵਿਚ ਪੱਕਾ ਪੀ.ਆਰ.ਓ ਸੀ ਅਤੇ ਆਪਣੇ ਨਾਮ ਦੀ 11 ਏਕੜ ਜਮੀਨ ਵੇਚ ਕੇ ਜਾਰਜੀਆ ਵਿਖੇ ਪੀ.ਆਰ.ਓ ਹੋਣ ਲਈ ਜਾਰਜੀਆ ਦੀ ਸਰਕਾਰ ਵੱਲੋਂ ਜਿਹੜਾ 20 ਹੈਕਟਰ ਜਮੀਨ ਜਾਨੀ ਕਿ 50 ਏਕੜ ਲਵੇਗਾ, ਉਸ ਨੂੰ ਅਸੀਂ ਜਾਰਜੀਆਂ ਵਿਖੇ ਪੱਕਾ ਕਰਾਂਗੇ ਅਤੇ ਗੁਰਬੀਰ ਸਿੰਘ ਭੁੱਲਰ ਨੇ ਜਾਰਜੀਆ ਦੀ ਸਰਕਾਰ ਦੇ ਕਹਿਣ ਤੇ ਆਪਣੀ 11 ਏਕੜ ਜਮੀਨ ਵੇਚ ਕੇ ਜਾਰਜੀਆ ਵਿਖੇ 20 ਹੈਕਟਰ ਜਮੀਨ ਖਰੀਦੀ ਅਤੇ ਪੱਕਾ ਪੀ.ਆਰ.ਓ ਹੋ ਗਿਆ। ਇਥੇ ਇਹ ਦਸਣਯੋਗ ਹੈ ਕਿ ਗੁਰਬੀਰ ਸਿੰਘ ਭੁੱਲਰ ਨੇ ਕਦੇ—ਕਦੇ ਰਹਿਣ ਲਈ ਸ਼ਿਵਾਲਿਕ ਵਿਹਾਰ ਜੀਰਕਪੁਰ ਵਿਚ ਵੀ ਇਕ ਮਕਾਨ ਮੁੱਲ ਲੈ ਕੇ ਰੱਖਿਆ ਹੋਇਆ ਸੀ ਅਤੇ ਗੁਰਬੀਰ ਸਿੰਘ ਭੁੱਲਰ ਦੇ ਮਾਤਾ—ਪਿਤਾ ਦੀ ਮੌਤ ਹੋ ਚੁੱਕੀ ਸੀ ਅਤੇ ਇਕ ਭਰਾ ਗੁਰਨੈਬ ਸਿੰਘ ਭੁੱਲਰ ਫਰੀਦਕੋਟ ਵਿਖੇ ਮੈਨੇਜਰ ਦੀ ਪੋਸਟ ਤੇ ਹੈ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦਾ ਜਥਾ ਭਾਈ ਚੰਨ ਸਿੰਘ, ਭਾਈ ਗੁਰਪ੍ਰੀਤ ਸਿੰਘ ਨੇ ਵੈਰਾਗਮਈ ਕੀਰਤਨ ਕੀਤਾ। ਇਸ ਮੌਕੇ ਤੇ ਰਾਣਾ ਗੁਰਮੀਤ ਸਿੰਘ ਸੋਢੀ ਦਾ ਪੀ.ਏ ਨਸੀਬ ਸਿੰਘ, ਸ਼ੇਰ ਸਿੰਘ ਘੁਬਾਇਆ ਦਾ ਪੀ.ਏ, ਰਵਿੰਦਰ ਸਿੰਘ ਆਵਲਾ ਦਾ ਪੀ.ਏ, ਗੁਰਦੀਪ ਸਿੰਘ ਸਾਬਕਾ ਪ੍ਰਧਾਨ ਨਗਰ ਕੌਂਸਲ ਫ਼ਿਰੋਜ਼ਪੁਰ ਸ਼ਹਿਰ, ਸੁਰਜੀਤ ਸਿੰਘ ਫੁੱਲਰਵੰਨ ਚੇਅਰਮੈਨ, ਡਾਇਰੈਕਟਰ ਮੱਖਣ ਸਿੰਘ, ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਫਰਮਾਨ ਸਿੰਘ ਸੰਧੂ, ਜਨਰਲ ਸਕੱਤਰ ਜ਼ਸਬੀਰ ਸਿੰਘ, ਗੁਰਬਚਨ ਸਿੰਘ ਬਲਾਕ ਪ੍ਰਧਾਨ ਝੋਕ ਮੋਹੜੇ, ਦਵਿੰਦਰ ਸਿੰਘ ਜੰਗ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਰਛਪਾਲ ਸਿੰਘ ਵਾਈਸ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਤੋਂ ਇਲਾਵਾ ਸਮੂਹ ਪਿੰਡਾਂ ਦੇ ਸਰਪੰਚ, ਪੰਚ ਅਤੇ ਨੰਬਰਦਾਰਾਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਇਲਾਕਾ ਨਿਵਾਸੀਆਂ ਅਤੇ ਰਿਸ਼ਤੇਦਾਰਾਂ, ਸਾਕ ਸਬੰਧੀਆਂ ਅਤੇ ਭੁੱਲਰ ਪਰਿਵਾਰ ਤੇਸਿੱਧੂ ਪਰਿਵਾਰ ਇਸ ਦੁੱਖ ਦੀ ਘੜੀ ਵਿਚ ਭਾਈ ਨਿਰਵੈਰ ਸਿੰਘ ਸਾਬਕਾ ਸਰਪੰਚ ਪਿੰਡ ਕਿਲੀ ਅਤੇ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਲੱਖੋਕੇ ਬਹਿਰਾਮ ਅਤੇ ਭਾਰਤੀ ਕਿਸਾਨ ਯੂਨੀਅਨ ਲੱਖੋਕੇ ਬਹਿਰਾਮ ਨਾਲ ਦੁੱਖ ਸਾਂਝਾ ਕੀਤਾ ਅਤੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ ਕਿ ਉਹ ਗੁਰਬੀਰ ਸਿੰਘ ਭੁੱਲਰ ਨੂੰ ਆਪਣੇ ਚਰਨਾਂ ਵਿਚ ਨਿਵਾਸ਼ ਬਖਸ਼ੇ, ਪਿਛੇ ਪਰਿਵਾਰ, ਰਿਸ਼ਤੇਦਾਰਾਂ, ਸਾਕ ਸਬੰਧੀਆਂ ਅਤੇ ਯਾਰਾਂ—ਦੋਸਤਾਂ ਅਤੇ ਭਰਾ ਗੁਰਨੈਬ ਸਿੰਘ ਭੁੱਲਰ ਫਰੀਦਕੋਟ, ਭਾਈ ਨਿਰਵੈਰ ਸਿੰਘ ਕਿਲੀ ਮਾਮਾ, ਦਿਲਬਾਗ ਸਿੰਘ ਸਿੱਧੂ ਪਿੰਡ ਕਿਲੀ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮਹਾਂਪੁਰਸ਼ਾਂ ਨੇ ਵੀ ਆਪਣੀ ਹਾਜ਼ਰੀ ਲੁਆਈ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



# ਸ. ਹਰਦੀਪ ਸਿੰਘ ਨਿੱਝਰ ਦੇ ਕਾਤਲ ਦੋਸ਼ੀਆਂ ਦੀ ਕੈਨੇਡਾ ਵਿਚ ਜ਼ਮਾਨਤ ਹੋਣ ਦੀ ਖਬਰ ਝੂਠੀ ਤੇ ਗੁੰਮਰਾਹਕੁੰਨ : ਮਾਨ

## ਫਾਈਵ ਆਈ ਮੁਲਕ ਹਿੰਦੂਤਵ ਹੁਕਮਰਾਨਾਂ ਵੱਲੋ ਸਿੱਖਾਂ ਨੂੰ ਮਾਰਨ ਵਿਰੁੱਧ ਇਕ ਫੈਸਲਾਕੁੰਨ ਨੀਤੀ ਅਧੀਨ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਕਰ ਰਹੇ ਹਨ ਅਡੋਲ ਅਮਲ




**ਨਵੀਂ ਦਿੱਲੀ, 11 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):-** "ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਜਿਥੇ ਖ਼ਾਲਸਾ ਪੰਥ ਦੇ 1984 ਵਿਚ ਮਿੱਥੇ ਗਏ ਕੌਮੀ ਨਿਸ਼ਾਨੇ ਆਜਾਦ ਬਾਦਸਾਹੀ ਸਿੱਖ ਰਾਜ (ਖ਼ਾਲਿਸਤਾਨ) ਲਈ ਜਮਹੂਰੀਅਤ ਅਤੇ ਅਮਨਮਈ ਢੰਗਾਂ ਰਾਹੀ ਕੌਮਾਂਤਰੀ ਕਾਨੂੰਨਾਂ ਤੇ ਨਿਯਮਾਂ ਦੀ ਸੇਧ ਵਿਚ ਆਪਣੇ ਮਿਸਨ ਪ੍ਰਾਪਤੀ ਲਈ ਬੀਤੇ 40 ਸਾਲਾਂ ਤੋ ਅਡੋਲ ਜੱਦੋ-ਜਹਿਦ ਕਰਦਾ ਆ ਰਿਹਾ ਹੈ, ਉਥੇ ਜੋ ਡੀਪ ਸਟੇਟ ਹਿੰਦੂਤਵ ਹੁਕਮਰਾਨਾਂ ਵੱਲੋ ਸਾਡੀ ਆਜਾਦੀ ਦੇ ਸੰਘਰਸ ਵਿਚ ਯੋਗਦਾਨ ਪਾਉਣ ਵਾਲੀ ਬਾਹਰਲੇ ਮੁਲਕਾਂ ਵਿਚ ਅਤੇ ਇਥੇ ਨੌਜਵਾਨੀ ਸੁਹਿਰਦਤਾ ਭਰੇ ਤੇ ਦੂਰਅੰਦੇਸੀ ਅਧੀਨ ਕੰਮ ਕਰ ਰਹੀ ਹੈ, ਉਸਨੂੰ ਹੁਕਮਰਾਨਾਂ ਵੱਲੋ ਨਿਸ਼ਾਨਾਂ ਬਣਾਕੇ ਸਾਜਸੀ ਢੰਗਾਂ ਨਾਲ ਕਤਲ ਕਰਨ ਦੇ ਜੋ ਅਮਲ ਹੋ ਰਹੇ ਹਨ, ਉਨ੍ਹਾਂ ਕਾਤਲ ਹੁਕਮਰਾਨਾਂ ਅਤੇ ਪੁਲਿਸ ਅਫਸਰਸਾਹੀ ਨੂੰ ਕੌਮਾਂਤਰੀ ਕਾਨੂੰਨਾਂ ਅਨੁਸਾਰ, ਕੌਮਾਂਤਰੀ ਅਦਾਲਤਾਂ ਦੇ ਕਟਹਿਰੇ ਵਿਚ ਖੜਾ ਕਰਕੇ ਸਜ਼ਾ ਦਿਵਾਉਣ ਲਈ ਵੀ ਆਪਣੀਆ ਜਿੰਮੇਵਾਰੀਆ ਪੂਰਨ ਕਰਦੇ ਆ ਰਹੇ ਹਾਂ । ਪਰ ਦੁੱਖ ਅਤੇ ਅਫਸੋਸ ਹੈ ਕਿ ਹਿੰਦੂਤਵ ਹੁਕਮਰਾਨਾਂ ਦੀਆਂ ਏਜੰਸੀਆ ਬਾਹਰਲੇ ਮੁਲਕਾਂ ਵਿਚ ਅਤੇ ਇੰਡੀਆ ਵਿਚ ਇਹ ਅਫਵਾਹਾ ਫੈਲਾਕੇ ਕਿ ਸਿੱਖਾਂ ਦੇ ਕਤਲ ਕਰਨ ਵਾਲੇ ਦੋਸ਼ੀਆਂ ਤੇ ਸਾਜਿਸਕਾਰਾਂ ਵਿਚੋ ਕੈਨੇਡਾ ਵਿਖੇ 4 ਕਾਤਲਾਂ ਦੀ ਜ਼ਮਾਨਤ ਹੋ ਗਈ ਹੈ, ਕੇਵਲ ਗੁੰਮਰਾਹਕੁੰਨ ਪ੍ਰਚਾਰ ਹੀ ਨਹੀ ਕਰ ਰਹੀ ਬਲਕਿ ਖਾਲਸਾ ਪੰਥ ਦੀ ਆਜਾਦੀ ਦੇ ਮਿਸਨ ਵਿਚ ਮੋਹਰਲੀਆ ਕਤਾਰਾਂ ਵਿਚ ਹੋ ਕੇ ਭੂਮਿਕਾ ਨਿਭਾਉਣ ਵਾਲੀ ਸਿੱਖ ਨੌਜਵਾਨੀ ਤੇ ਸਿੱਖਾਂ ਦੇ ਹੌਸਲੇ ਪਸਤ ਕਰਨ ਲਈ ਅਜਿਹਾ ਝੂਠਾ ਪ੍ਰਚਾਰ ਕਰਨ ਵਿਚ ਮਸਰੂਫ ਹੋ ਚੁੱਕੀ ਹੈ । ਜੋ ਕਿ ਬੀਤੇ ਦਿਨੀਂ ਅਖਬਾਰਾਂ ਵਿਚ ਇਸ ਵਿਸੇ ਤੇ ਜਮਾਨਤਾਂ ਹੋਣ ਦੀ ਖਬਰ ਬਿਲਕੁਲ ਝੂਠੀ ਤੇ ਨਿਰਆਧਾਰ ਹੈ । ਦੂਸਰਾ ਫਾਈਵ ਆਈ ਮੁਲਕ ਜਿਨ੍ਹਾਂ ਵਿਚ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਬਰਤਾਨੀਆ, ਨਿਊਜੀਲੈਂਡ ਆਦਿ ਮੁਲਕ ਹਿੰਦੂਤਵ ਹੁਕਮਰਾਨਾਂ ਵੱਲੋ ਉਨ੍ਹਾਂ ਮੁਲਕਾਂ ਵਿਚ ਜਾ ਕੇ ਸਿੱਖਾਂ ਨੂੰ ਮਾਰਨ ਵਿਰੁੱਧ ਇਕ ਫੈਸਲਾਕੁੰਨ ਨੀਤੀ ਅਧੀਨ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਅਡੋਲ ਅਮਲ ਕਰ ਰਹੇ ਹਨ । ਇਹ ਕਦੀ ਵੀ ਨਹੀ ਹੋ ਸਕਦਾ ਕਿ ਉਹ ਜਮਹੂਰੀਅਤ ਪਸੰਦ ਤੇ ਮਨੁੱਖੀ ਹੱਕਾਂ ਦੀ ਰਖਵਾਲੀ ਵਾਲੇ ਮੁਲਕ ਅਜਿਹੇ ਕਾਤਲ ਭਾਵੇ ਉਹ ਕਿੰਨੇ ਵੀ ਉਚੇ ਤੋ ਉੱਚੇ ਅਹੁਦੇ ਤੇ ਬੈਠੇ ਹੋਣ ਉਨ੍ਹਾਂ ਨੂੰ ਸਜਾਵਾਂ ਦਿਵਾਉਣ ਵਿਚ ਇਹ ਮੁਲਕ ਕਤਈ ਕਿਸੇ ਤਰ੍ਹਾਂ ਦੀ ਨਾ ਤਾਂ ਢਿੱਲ ਕਰਨਗੇ ਅਤੇ ਨਾ ਹੀ ਕਾਤਲਾਂ ਨੂੰ ਚੋਰ ਦਰਵਾਜਿਓ ਇਸ ਦੋਸ ਤੋ ਬਰੀ ਹੋਣ ਵਿਚ ਕਾਮਯਾਬ ਹੋਣ ਦੇਣਗੇ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅੱਜ ਦੇ ਅਖਬਾਰਾਂ ਵਿਚ ਸ. ਹਰਦੀਪ ਸਿੰਘ ਨਿੱਝਰ ਦੇ ਹਿੰਦੂਤਵ ਹੁਕਮਰਾਨਾਂ ਦੇ ਆਦੇਸ਼ਾਂ ਤੇ ਕਤਲ ਕਰਨ ਵਾਲੇ ਕਾਤਲ ਦੋਸ਼ੀਆਂ ਨੂੰ ਕੈਨੇਡਾ ਵਿਚ ਜਮਾਤਾਂ ਮਿਲਣ ਦੀਆਂ ਪ੍ਰਕਾਸਿਤ ਹੋਈਆ ਖਬਰਾਂ ਨੂੰ ਗੁੰਮਰਾਹਕੁੰਨ ਤੇ ਝੂਠੀਆ ਕਰਾਰ ਦਿੰਦੇ ਹੋਏ ਅਤੇ ਖਾਲਸਾ ਪੰਥ ਨੂੰ ਆਪਣੀ ਇਨਸਾਫ ਪ੍ਰਾਪਤੀ ਅਤੇ ਆਪਣੇ ਕੌਮੀ ਮਿਸਨ ਦੀ ਮੰਜਿਲ ਨੂੰ ਹਰ ਕੀਮਤ ਤੇ ਪ੍ਰਾਪਤ ਕਰਨ ਲਈ ਸਹਿਯੋਗ ਦੇਣ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਜਦੋ ਅਸੀ ਆਪਣੀ ਖਾਲਿਸਤਾਨ ਦੀ ਕੌਮਾਂਤਰੀ ਕਾਨੂੰਨਾਂ ਅਧੀਨ ਲੜਾਈ ਲੜ ਰਹੇ ਹਾਂ ਤਾਂ ਹਿੰਦੂਤਵ ਹੁਕਮਰਾਨ ਤੇ ਉਨ੍ਹਾਂ ਦੀਆਂ ਏਜੰਸੀਆਂ ਆਪਣੀਆ ਮੰਦਭਾਵਨਾ ਭਰੀ ਸੋਚ ਅਤੇ ਨੀਤੀ ਅਧੀਨ ਅਜਿਹੀਆ ਅਫਵਾਹਾਂ ਵੀ ਉਡਾਉਣਗੀਆ ਅਤੇ ਸਿੱਖ ਕੌਮ ਵਿਚ ਕਿਸੇ ਗੰਭੀਰ ਮੁੱਦੇ ਤੇ ਸਾਜਸੀ ਢੰਗਾਂ ਰਾਹੀ ਭਰਾਮਾਰੂ ਜੰਗ ਨੂੰ ਉਤਸਾਹਿਤ ਕਰਨ ਲਈ ਵੀ ਅਮਲ ਕਰਨਗੀਆ। ਲੇਕਿਨ ਇਸ ਔਖੀ ਘੜੀ ਵਿਚ ਖਾਲਸਾ ਪੰਥ ਨਾਲ ਸੰਬੰਧਤ ਆਗੂਆਂ, ਪੰਥਦਰਦੀਆਂ ਤੇ ਨੌਜਵਾਨਾਂ ਨੂੰ ਅਜਿਹੇ ਗੁੰਮਰਾਹਕੁੰਨ ਪ੍ਰਚਾਰ ਤੋ ਨਿਰਲੇਪ ਰਹਿੰਦੇ ਹੋਏ ਸੂਝਵਾਨਤਾ ਦੇ ਦੂਰਅੰਦੇਸੀ ਨਾਲ ਆਪਣੇ ਮੀਰੀ ਪੀਰੀ ਦੇ ਸਿਧਾਂਤ ਤੇ ਪਹਿਰਾ ਦਿੰਦੇ ਹੋਏ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਹਰ ਖੇਤਰ ਵਿਚ ਸਹਿਯੋਗ ਦੇਣਾ ਪਰਮ-ਧਰਮ ਫਰਜ ਬਣ ਜਾਂਦਾ ਹੈ ਤਾਂ ਕਿ ਅਸੀ ਹਰ ਖੇਤਰ ਵਿਚ ਸੁਚੇਤ ਰਹਿੰਦੇ ਹੋਏ ਜਿਥੇ ਆਪਣੀ ਨੌਜਵਾਨੀ ਦੇ ਨੁਕਸਾਨ ਦਾ ਬਚਾਅ ਕਰ ਸਕੀਏ, ਉਥੇ ਆਪਣੇ ਮਿਸਨ ਵੱਲ ਵੀ ਮਜਬੂਤੀ ਨਾਲ ਵੱਧ ਸਕੀਏ ।

# ਖੇਤੀਬਾੜੀ ਮਸ਼ੀਨਰੀ ਦੀ ਵਰਤੋਂ ਕਰਦੇ ਹਾਦਸਿਆਂ ਦਾ ਸ਼ਿਕਾਰ ਹੋਏ ਪੰਜ ਪੀੜਤ ਪਰਿਵਾਰਾਂ ਨੂੰ ਵੰਡੇ ਚੈਕ

**ਸ੍ਰੀ ਚਮਕੌਰ ਸਾਹਿਬ, 11 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸਥਾਨਕ ਸ੍ਰੀ ਚਮਕੌਰ ਸਾਹਿਬ ਮਾਰਕੀਟ ਕਮੇਟੀ ਵੱਲੋਂ ਖੇਤੀਬਾੜੀ ਮਸ਼ੀਨਰੀ ਦੀ ਵਰਤੋਂ ਕਰਦੇ ਸਮੇਂ ਹਾਦਸਿਆਂ ਦੇ ਸ਼ਿਕਾਰ ਹੋਏ ਪੰਜ ਪੀੜਤ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਦੇ ਚੈਕ ਦਿੱਤੇ ਗਏ ਇੰਨਾ ਚੈੱਕਾਂ ਨੂੰ ਵੰਡਣ ਲਈ ਵਿਸ਼ੇਸ਼ ਤੌਰ ਤੇ ਹਲਕੇ ਦੇ ਵਿਧਾਇਕ ਚਰਨਜੀਤ ਸਿੰਘ ਅਤੇ ਮਾਰਕੀਟ ਕਮੇਟੀ ਸ਼੍ਰੀ ਚਮਕੌਰ ਸਾਹਿਬ ਦੇ ਚੇਅਰਮੈਨ ਸਿਕੰਦਰ ਸਿੰਘ ਸਹੇੜੀ ਨੇ ਦੱਸਿਆ ਕਿ ਖੇਤੀਬਾੜੀ ਮਸ਼ੀਨਰੀ ਦੀ ਵਰਤੋਂ ਕਰਦੇ ਸਮੇਂ ਹਾਦਸਿਆਂ ਦੇ ਸ਼ਿਕਾਰ ਹੋਏ ਪੰਜ ਪਰਿਵਾਰਾਂ ਨੂੰ ਪੰਜਾਬ ਸਰਕਾਰ ਵੱਲੋਂ4 ਲੱਖ 20 ਹਜ਼ਾਰ ਦੀ ਵਿੱਤੀ ਸਹਾਇਤਾ ਦਿੱਤੀ ਗਈ। ਜਿਸ ਤਹਿਤ ਉਨ੍ਹਾਂ ਪਰਿਵਾਰਾਂ ਨੂੰ ਸ਼੍ਰੀ ਚਮਕੌਰ ਸਾਹਿਬ ਦੀ ਮਾਰਕੀਟ ਕਮੇਟੀ ਦੇ ਦਫ਼ਤਰ ਵਿੱਚ ਬੁਲਾ ਕੇ ਚੈੱਕ ਦਿੱਤੇ ਗਏ। ਜਿਨਾਂ ਵਿੱਚੋਂ ਸ੍ਰੀ ਨਵਰਾਜ ਸਿੰਘ ਪੁੱਤਰ ਹਰਜਿੰਦਰ ਸਿੰਘ ਬਾਸੀ ਪਿੰਡ ਮਨੈਲੀ ਤਹਿਸੀਲ ਖਮਾਣੋ ਜਿਲਾ ਫਤਿਹਗੜ੍ਹ ਨੂੰ 12 ਹਜਾਰ ਰੁਪਏ, ਲੇਟ ਸ਼੍ਰੀ ਵਰਿੰਦਰ ਸਿੰਘ ਪੁੱਤਰ ਸ਼੍ਰੀ ਸੁਰਿੰਦਰ ਸਿੰਘ ਪਿੰਡ ਤੇ ਡਾਕਖਾਨਾ ਮੱਕੜੌਨਾ ਕਲਾ ਤਹਿਸੀਲ ਸ੍ਰੀ ਚਮਕੌਰ ਸਾਹਿਬ ( ਰੋਪੜ) ਨੂੰ 3 ਲੱਖ ,ਤੇ ਸ਼੍ਰੀਮਤੀ ਕਾਤਾ ਦੇਵੀ ਪਤਨੀ ਸ੍ਰੀ ਦਲਵਾਰਾ ਸਿੰਘ ਪਿੰਡ ਤੇ ਡਾਕਖਾਨਾ ਬਹਿਰਾਮਪੁਰ ਬੇਟ ਤਹਿਸੀਲ ਸ਼੍ਰੀ ਚਮਕੌਰ ਸਾਹਿਬ (ਰੋਪੜ) ਨੂੰ 48 ਹਜਾਰ , ਸ੍ਰੀ ਭੁਟਨ ਚੌਧਰੀ ਪੁੱਤਰ ਛਟਾਨ ਚੌਧਰੀ ਪਿੰਡ ਮਾਲੇਵਾਲ ਤੇ ਡਾਕਖਾਨਾ ਬੇਲਾ ਤਹਿਸੀਲ ਸ਼੍ਰੀ ਚਮਕੌਰ ਸਾਹਿਬ (ਰੋਪੜ) ਨੂੰ 48 ਹਜਾਰ ਤੇ ਸ੍ਰੀ ਜਗਦੀਪ ਸਿੰਘ ਪੁੱਤਰ ਬਚਨ ਸਿੰਘ ਪਿੰਡ ਤੇ ਡਾਕਖਾਨਾ ਬਰਸਾਲਪੁਰ ਤਹਿਸੀਲ ਸ੍ਰੀ ਚਮਕੌਰ ਸਾਹਿਬ ਰੋਪੜ ਨੂੰ 12 ਹਜਾਰ ਰੁਪਏ ਦੇ ਚੈੱਕ ਵੰਡੇ ਗਏ ਇਸ ਮੌਕੇ ਭੁਪਿੰਦਰ ਸਿੰਘ ਭੂਰਾ ਵਾਈਸ ਪ੍ਰਧਾਨ ਨਗਰ ਪੰਚਾਇਤ ਸ੍ਰੀ ਚਮਕੌਰ ਸਾਹਿਬ ,ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਵਿਸ਼ਾਲ, ਗੁਰਵਿੰਦਰ ਸਿੰਘ ਗੁਰੀ,ਰਜਿੰਦਰ ਸਿੰਘ ਰਾਜਾ ਚੱਕਲਾਂ, ਸੁਖਵੀਰ ਸਿੰਘ ਖੀਰਾ ਐਮ.ਸੀ. ਸ਼੍ਰੀ ਚਮਕੌਰ ਸਾਹਿਬ, ਸੇਵਾ ਸਿੰਘ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।



ਮਸਤੂਆਣਾ ਸਾਹਿਬ ਸਲਾਨਾ ਜੋੜ ਮੇਲੇ ਦੇ ਮਹੌਲ ਸਬੰਧੀ

# ਸਿੱਖ ਜਥਿਆਂ ਨੇ ਲਏ ਸਾਂਝੇ ਫੈਸਲੇ



**ਨਵੀਂ ਦਿੱਲੀ 11 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਇਲਾਕੇ ਦੀ ਸਿੱਖ ਸੰਗਤ, ਮਸਤੂਆਣਾ ਸਾਹਿਬ ਦੇ ਪ੍ਰਬੰਧਕ ਅਤੇ ਪੰਥ ਸੇਵਾ ਵਿੱਚ ਵਿਚਰ ਰਹੇ ਸਿੱਖ ਜਥਿਆਂ ਵਲੋਂ ਸਾਂਝੀ ਪੱਤਰਕਾਰ ਮਿਲਣੀ ਵਿੱਚ ਮਸਤੂਆਣਾ ਸਾਹਿਬ ਵਿਖੇ ਇਸ ਵਾਰ ਦੇ ਜੋੜ ਮੇਲੇ ਦੇ ਪ੍ਰਬੰਧਾਂ ਸਬੰਧੀ ਅਹਿਮ ਤਬਦੀਲੀਆਂ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਪ੍ਰਬੰਧਕਾਂ ਵਲੋਂ ਸਲਾਨਾ ਜੋੜ ਮੇਲੇ ਬਾਰੇ ਸਾਂਝਾ ਇਸ਼ਤਿਹਾਰ ਵੀ ਜਾਰੀ ਕੀਤਾ ਗਿਆ।ਜਿਕਰਯੋਗ ਹੈ ਕਿ ਮਸਤੂਆਣਾ ਸਾਹਿਬ ਮਾਲਵੇ ਦੀ ਧਰਤੀ ਉਪਰ ਸਿੱਖੀ ਦਾ ਅਹਿਮ ਕੇਂਦਰ ਹੈ। ਜਿੱਥੇ ਹਰ ਸਾਲ 30, 31 ਜਨਵਰੀ ਅਤੇ 1 ਫਰਵਰੀ ਨੂੰ ਸੰਤ ਬਾਬਾ ਅਤਰ ਸਿੰਘ ਜੀ ਦੀ ਸਲਾਨਾ ਬਰਸੀ ਨੂੰ ਸਿੱਖ ਸੰਗਤ ਦਾ ਭਾਰੀ ਇਕੱਠ ਜੁੜਦਾ ਹੈ। ਪਿਛਲੇ ਸਾਲ ਜੋੜ ਮੇਲੇ ਦੇ ਮਹੌਲ ਨੂੰ ਗੁਰਮਤਿ ਅਨੁਸਾਰੀ ਬਣਾਉਣ ਲਈ ਕਾਫੀ ਅਹਿਮ ਸੁਧਾਰ ਕੀਤੇ ਗਏ ਅਤੇ ਇਸ ਜੋੜ ਮੇਲੇ ਤੋਂ ਪ੍ਰੇਰਨਾ ਲੈ ਕੇ ਹੋਰਨਾਂ ਅਸਥਾਨਾਂ ਉਪਰ ਵੀ ਸੁਧਾਰ ਦੇ ਯਤਨ ਹੋਏ। ਇਸ ਸਾਲ ਇਸ ਮੁਹਿੰਮ ਵਿਚ ਜਿਥੇ ਇਲਾਕੇ ਦੇ ਕਰੀਬ ਪੰਜਾਹ ਪਿੰਡਾਂ ਦਾ ਸਹਿਯੋਗ ਹੈ ਉਥੇ ਵੀਹ ਦੇ ਕਰੀਬ ਹੋਰ ਸਿੱਖ ਜਥਿਆਂ ਅਤੇ ਸਖਸ਼ੀਅਤਾਂ ਨੇ ਵੀ ਸ਼ਮੂਲੀਅਤ ਕੀਤੀ ਹੈ।

**ਚੰਡੋਲ/ਝੂਲਿਆਂ ਅਤੇ ਗੁਰਦੁਆਰਾ ਸਾਹਿਬਾਨ ਦੀ ਹਦੂਦ ਅੰਦਰ ਟਰੈਕਟਰਾਂ 'ਤੇ ਡੈੱਕ, ਲੰਗਰਾਂ ਵਿੱਚ ਸਪੀਕਰ ਅਤੇ ਗੁਰਮਤਿ ਤੋਂ ਉਲਟ ਦੁਕਾਨਾਂ 'ਤੇ ਰਹੇਗੀ ਮੁਕੰਮਲ ਪਾਬੰਦੀ**

ਇਸ ਪੱਤਰਕਾਰ ਮਿਲਣੀ ਵਿੱਚ ਸਿੱਖ ਜਥਾ ਮਾਲਵਾ ਤੋਂ ਭਾਈ ਮਲਕੀਤ ਸਿੰਘ ਭਵਾਨੀਗੜ੍ਹ, ਬਾਬਾ ਹਰਦੀਪ ਸਿੰਘ ਮਹਿਰਾਜ ਅਤੇ ਬਾਬਾ ਹਰਜਿੰਦਰ ਸਿੰਘ ਬਾਘਾ ਪੁਰਾਣਾ ਨੇ ਦੱਸਿਆ ਕਿ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਜੋੜ ਮੇਲੇ ਦੌਰਾਨ ਦੁਨਿਆਵੀ ਬਜ਼ਾਰ ਨੂੰ ਹਦੂਦ ਤੋਂ ਬਾਹਰ ਰੱਖਿਆ ਜਾਵੇਗਾ, ਟਰੈਕਟਰਾਂ ਅਤੇ ਡੀਜੇ ਉਪਰ ਪਾਬੰਦੀ ਰਹੇਗੀ, ਪੰਡਾਲ ਦੀ ਆਵਾਜ ਸਿਰਫ਼ ਪੰਡਾਲ ਤੱਕ ਸੀਮਤ ਕਰਨ ਤੋਂ ਇਲਾਵਾ ਲੰਗਰਾਂ ਵਿਚ ਵੀ ਸਪੀਕਰ ਨਹੀਂ ਲਗਾਏ ਜਾਣਗੇ। ਇਸ ਤੋਂ ਇਲਾਵਾ ਝੂਲੇ ਵੀ ਮੁਕੰਮਲ ਤੌਰ 'ਤੇ ਬੰਦ ਹੋਣਗੇ। ਮੱਸਿਆ ਦੇ ਦਿਨ ਤੋਂ ਲੈ ਕੇ 1 ਫਰਵਰੀ ਤੱਕ ਸੰਗਤ ਪਹਿਰੇਦਾਰੀ ਕਰੇਗੀ। ਸ. ਜਸਵੰਤ ਸਿੰਘ ਖਹਿਰਾ, ਸਕੱਤਰ ਅਕਾਲ ਕਾਲਜ ਕੌਂਸਲ ਨੇ ਦੱਸਿਆ ਕਿ ਪ੍ਰਬੰਧਕ ਇਸ ਕਾਰਜ ਵਿਚ ਸਿੱਖ ਜਥਿਆਂ ਅਤੇ ਸੰਗਤਾਂ ਦੇ ਨਾਲ ਹਨ, ਜੋੜ ਮੇਲੇ ਦਾ ਮਹੌਲ ਗੁਰਮਤਿ ਅਨੁਸਾਰੀ ਕਰਨ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।

ਇਸ ਦੌਰਾਨ ਬਾਬਾ ਹਰਦੀਪ ਸਿੰਘ ਮਹਿਰਾਜ, ਲੱਖੀ ਜੰਗਲ ਖਾਲਸਾ ਜਥਾ, ਸਿੱਖ ਜਥਾ ਮਾਲਵਾ, ਰਾਗੀ ਗ੍ਰੰਥੀ ਪ੍ਰਚਾਰਕ ਸਭਾ, ਅੰਮ੍ਰਿਤ ਸੰਚਾਰ ਜਥਾ ਰੱਤਾਖੇੜਾ, ਭਾਈ ਗੁਰਤੇਜ ਸਿੰਘ ਖਡਿਆਲ, ਗੁਰਦੁਆਰਾ ਸਾਹਿਬਾਨ ਤਾਲਮੇਲ ਕਮੇਟੀ ਪੰਚ ਪ੍ਰਧਾਨੀ, ਜਥੇਦਾਰ ਗੁਰਦੀਪ ਸਿੰਘ ਕਾਲਝਾੜ, ਜਥੇਦਾਰ ਬਾਬਾ ਮਾਨ ਸਿੰਘ ਜੀ ਨਿਹੰਗ, ਭਾਈ ਹਰਜਿੰਦਰ ਸਿੰਘ ਬਾਘਾ ਪੁਰਾਣਾ, ਸਿੱਖ ਜਥਾ ਧੂਰੀ, ਸਿੱਖ ਸੇਵਕ ਜਥਾ ਮਾਲਵਾ, ਭਾਈ ਨਵਦੀਪ ਸਿੰਘ ਬਡਬਰ, ਭਾਈ ਮੱਖਣ ਸਿੰਘ ਰਾਜੋਮਾਜਰਾ, ਹਰਮਨਦੀਪ ਸਿੰਘ ਬੇਨੜਾ ਆਦਿ ਸਖਸ਼ੀਅਤਾਂ ਅਤੇ ਜਥੇ ਹਾਜਰ ਸਨ।

ਆਮ ਆਦਮੀ ਪਾਰਟੀ ਦੇ ਐਮ ਐਲ ਏ ਗੁਰਪ੍ਰੀਤ ਗੋਗੀ ਦੀ ਬੇਵਕਤ ਮੌਤ ਨੇ ਪ੍ਰਵਾਰ ਅਤੇ

# ਦੇਸ਼ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਾਇਆ : ਭਾਈ ਵਿਰਸਾ ਸਿੰਘ ਖਾਲਸਾ



**ਜੰਡਿਆਲਾ ਗੁਰੂ, 11 ਜਨਵਰੀ ( ਕੁਲਵੰਤ ਸਿੰਘ ਵਿਰਦੀ)**-ਲੁਧਿਆਣਾ ਦੇ ਆਪ ਪਾਰਟੀ ਐਮ ਐਲ ਏ ਗੁਰਪ੍ਰੀਤ ਗੋਗੀ ਦੀ ਆਪਣੇ ਹੀ ਲਾਇਸੈਂਸ ਰੁਵਾਲਵਰ ਨਾਲ ਅਚਾਨਕ ਗੋਲੀ ਲੱਗਣ ਨਾਲ ਹੋਈ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ, ਬੁਲਾਰੇ ਭਾਈ ਅਵਤਾਰ ਸਿੰਘ ਅੰਮ੍ਰਿਤਸਰ, ਭਾਈ ਸੁਖਦੇਵ ਸਿੰਘ ਫ਼ੌਜੀ ਜਗਰਾਉਂ, ਭਾਈ ਇੰਦਰਜੀਤ ਸਿੰਘ ਕਾਉਂਕੇ, ਜਥੇਦਾਰ ਬਾਬਾ ਰਣਜੀਤ ਸਿੰਘ ਲੋਹਟਬੱਦੀ ਰਾਏਕੋਟ ਤੇ ਸ੍ਰ ਕੁਲਵੰਤ ਸਿੰਘ ਨੇ ਇੱਕ ਸਾਂਝੇ ਪ੍ਰੈਸ ਬਿਆਨ ਰਾਹੀਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ, ਇਹਨਾਂ ਫੈਡਰੇਸ਼ਨ ਨੇਤਾਵਾਂ ਨੇ ਕਿਹਾ ਲੁਧਿਆਣਾ ਦੇ ਸਥਾਨਕ ਲੋਕਾਂ ਦੇ ਦੱਸਣ ਮੁਤਾਬਿਕ ਗੁਰਪ੍ਰੀਤ ਗੋਗੀ ਐਮ ਐਲ ਏ ਲੰਮਾਂ ਸਮਾਂ ਕੌਂਸਲਰ ਵੀ ਰਹੇ ਅਤੇ ਹੁਣ ਉਹ ਆਮ ਆਦਮੀ ਪਾਰਟੀ ਦੇ ਐਮ ਐਲ ਏ ਬਣਨ ਤੋਂ ਬਾਅਦ ਵੀ ਉਹ ਹਰ ਮਨੁੱਖ ਦੀ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਹਰ ਦੁਖੀ ਮਨੁੱਖ ਦੀ ਹਮੇਸ਼ਾ ਗੱਲਬਾਤ ਸੁਣਦੇ ਤੇ ਉਨ੍ਹਾਂ ਨਾਲ ਇਨਸਾਫ਼ ਵੀ ਕਰਵਾਉਂਦੇ ਸਨ, ਉਹ ਹਰ ਪ੍ਰਾਣੀ ਨੂੰ ਖੁਸ਼ ਹੋ ਕੇ ਮਿਲਦੇ ਤੇ ਆਮ ਹੀ ਲੋਕਾਂ ਵਿਚ ਆਪਣੇ ਪੁਰਾਣੇ ਸਕੂਟਰ ਤੇ ਸਵਾਰ ਹੋ ਕੇ ਘੁਮਦੇ ਫਿਰਦੇ ਰਹਿੰਦੇ ਸਨ, ਭਾਈ ਖਾਲਸਾ ਨੇ ਦੱਸਿਆ ਲੁਧਿਆਣਾ'ਚ ਉਹ ਉਸ ਵਕਤ ਸੁਰਖੀਆਂ ਵਿੱਚ ਆਏਂ ਜਦੋਂ ਉਹਨਾਂ ਨੇ ਬੁੱਢੇ ਨਾਲੇ ਦੀ ਸਾਫ਼ ਸਫਾਈ ਵਿਚ ਅਸਫਲ ਰਹਿਣ ਕਾਰਨ ਆਪਣੇ ਲਗਾਏ ਯਾਦਗਾਰੀ ਪੱਥਰ ਨੂੰ ਤੋੜ ਦਿੱਤਾ ਸੀ ਅਤੇ ਉਸ ਤੋਂ ਉਪਰੰਤ ਸਰਕਾਰ ਨੇ ਬੁੱਢੇ ਨਾਲੇ ਦੀ ਸਾਫ਼ ਸਫਾਈ ਲਈ ਵਾਤਾਵਰਣ ਪ੍ਰੇਮੀ ਤੇ ਰਾਜਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਸੇਵਾ ਸੌਂਪੀ ਸੀ ਅਤੇ ਐਮ ਐਲ ਏ ਗੁਰਪ੍ਰੀਤ ਗੋਗੀ ਹਮੇਸ਼ਾ ਹੀ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਇਸ ਕਾਰਜ਼ ਲਈ ਜੰਗੀ ਪੱਧਰ ਤੇ ਉਪਰਾਲੇ ਕਰਦੇ ਸਨ, ਭਾਈ ਖਾਲਸਾ ਨੇ ਦੱਸਿਆ ਉਹਨਾਂ ਦੀ ਬੇਵਕਤ ਮੌਤ ਤੇ ਸਮੂਹ ਲੁਧਿਆਣਾ ਨਿਵਾਸੀਆਂ ਤੇ ਸਰਕਾਰ ਦੇ ਮੰਤਰੀਆਂ ਤੇ ਪਾਰਟੀ ਅਹੁਦੇਦਾਰਾਂ ਵੱਲੋਂ ਪ੍ਰਵਾਰਕ ਮੈਂਬਰਾਂ ਨੂੰ ਹੌਸਲਾ ਦਿੱਤਾ ਜਾ ਰਿਹਾ ਸੀ, ਪਰ ਪਰਿਵਾਰਕ ਮੈਂਬਰਾਂ ਦਾ ਰੌਣਾ ਦੇਖਿਆ ਨਹੀਂ ਸੀ ਜਾ ਰਿਹਾ ਅਤੇ ਸਥਾਨਕ ਲੋਕਾਂ ਨੂੰ ਵੀ ਗਹਿਰਾ ਸਦਮਾ ਲੱਗਿਆ ਹੈ, ਭਾਈ ਖਾਲਸਾ ਨੇ ਦੱਸਿਆ ਅੱਜ ਉਹਨਾਂ ਦੀ ਮਿਰਤਕ ਦੇਹ ਦਾ ਅੰਤਿਮ ਸੰਸਕਾਰ ਸਰਕਾਰੀ ਸਨਮਾਨਾਂ ਨਾਲ ਕਰ ਦਿੱਤਾ ਗਿਆ, ਜਿਥੇ ਉਹਨਾਂ ਦੇ ਭੈਣ ਭਰਾਵਾਂ ਤੇ ਸਾਰੇ ਰਿਸ਼ਤੇਦਾਰ ਦਾ ਰੋਣਾ ਕੁਰਲਾਉਣਾ ਲੋਕਾਂ ਤੋਂ ਦੇਖਿਆ ਨਹੀਂ ਸੀ ਜਾਂ ਰਿਹਾ, ਉਹਨਾਂ ਦੀ ਭੈਣ ਉੱਚੀ ਉੱਚੀ ਰੋ ਰੋ ਕੇ ਆਪਣੇ ਭਰਾ ਨੂੰ ਗੋਗੀ ਗੋਗੀ ਕਰਕੇ ਅਵਾਜਾ ਮਾਰ ਰਹੀ ਸੀ ਤੇ ਕਹੇ ਰਹੀ ਸੀ ਕਿ ਹੁਣ ਮੇਰੇ ਘਰ ਅੱਗੇ ਕੌਂਣ ਹੂਟਰ ਵਜਾਉਂਦਾ ਆਏਗਾ, ਇਹਨਾਂ ਭੁੱਬਾਂ ਭਰੀਆਂ ਚੀਕਾਂ ਨੇ ਸਥਾਨਕ ਲੋਕਾਂ ਨੂੰ ਰੋਣ ਲਈ ਮਜਬੂਰ ਕਰ ਦਿੱਤਾ, ਲੋਕਾਂ ਦੇ ਦੱਸਣ ਮੁਤਾਬਕ ਗੋਗੀ ਨੇਕ ਇਮਾਨਦਾਰ ਤੇ ਇਨਸਾਫ਼ ਪਸੰਦ ਲੀਡਰ ਸੀ,ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਇਸ ਹੋਣਹਾਰ ਇਨਸਾਨ ਪਸੰਦ ਲੀਡਰ ਸਭਨਾਂ ਦੀ ਬਾਂਹ ਫੜਨ ਵਾਲੇ ਮਰਹੂਮ ਨੇਤਾ ਦੇ ਬੇਵਕਤ ਆਤਮ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪਰਮਾਤਮਾ ਅੱਗੇ ਅਰਦਾਸ ਕਰਦੀ ਹੈ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

# ਮਹਾਨ ਇੱਕੋਤਰੀ ਸਮਾਗਮ ਦੀ ਪਹਿਲੀ ਲੜੀ ਦੇ 13 ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠਾਂ ਦੇ ਪਏ ਭੋਗ

## ਦੂਸਰੀ ਲੜੀ ਦੇ 13 ਸ੍ਰੀ ਅਖੰਡ ਪਾਠ ਸਾਹਿਬ ਹੋਏ ਆਰੰਭ-ਭਾਈ ਅਮਨਦੀਪ ਸਿੰਘ



**ਚੌਕ ਮਹਿਤਾ, 11 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ, ਅੱਡਾ ਬਾਉਲੀ, ਰਾਮ ਤੀਰਥ ਰੋਡ,ਸ਼੍ਰੀ ਦੇ ਮੁਖ ਪ੍ਰਬੰਧਕ ਭਾਈ ਗੁਰਇਕਬਾਲ ਸਿੰਘ ਅਤੇ ਭਾਈ ਅਮਨਦੀਪ ਸਿੰਘ ਜੀ ਦੀ ਰਹਿਨੁਮਾਈ ਹੇਠ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਅਤੇ ਬਾਬਾ ਕੁੰਦਨ ਸਿੰਘ ਜੀ ਦੀ 100 ਸਾਲਾ ਜਨਮ ਸ਼ਤਾਬਦੀ ਨੂੰ ਮਨਾਉਂਦੇ ਹੋਏ ਮਹਾਨ ਇਕੋਤਰੀ ਸਮਾਗਮ 101 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ 9 ਜਨਵਰੀ ਤੋਂ 27 ਜਨਵਰੀ ਤੱਕ ਦਾਤਾ ਬੰਦੀ ਛੋੜ ਪਬਲਿਕ ਸਕੂਲ ਰਾਮ ਤੀਰਥ ਰੋਡ, ਅੰਮ੍ਰਿਤਸਰ ਵਿਖੇ ਹੋ ਰਹੇ ਹਨ।ਮਹਾਨ ਇਕੋਤਰੀ ਸਮਾਗਮ ਦੀ ਪਹਿਲੀ ਲੜੀ 'ਚ 13 ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਇਸ ਮੌਕੇ ਭਾਈ ਗੁਰਚਰਨ ਸਿੰਘ ਕਥਾ ਵਾਚਕ, ਭਾਈ ਮਗਨਦੀਪ ਸਿੰਘ ਅੰਮ੍ਰਿਤਸਰ ਵਾਲੇ ਅਤੇ ਭਾਈ ਅਮਨਦੀਪ ਸਿੰਘ ਜੀ ਬੀਬੀ ਕੋਲਾਂ ਵਾਲਿਆਂ ਦੇ ਕੀਰਤਨੀ ਜੱਥੇ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਅਮਨਦੀਪ ਸਿੰਘ ਜੀ ਨੇ ਦੱਸਿਆ ਇਹ ਗੁਰਬਾਣੀ ਦਾ ਜੱਗ 9 ਜਨਵਰੀ ਤੋਂ 27 ਜਨਵਰੀ ਤੱਕ ਨਿਰੰਤਰ ਚੱਲੇਗਾ। ਜਿਸ ਵਿੱਚ ਰੋਜਾਨਾ ਦੁਪਹਿਰ 12:00 ਵਜੇ ਤੋਂ 2 ਵਜੇ ਤੱਕ ਸਿੱਖ ਪੰਥ ਦੀਆਂ ਮਹਾਨ ਸ਼ਖਸ਼ੀਅਤਾਂ ਸੰਗਤਾਂ ਦੇ ਦਰਸ਼ਨ ਕਰਨੀਆਂ। ਉਹਨਾਂ ਦੱਸਿਆ 25 ਜਨਵਰੀ ਦਿਨ ਸ਼ਨੀਵਾਰ 12 ਵਜੇ ਬੱਚਿਆਂ ਦੀ ਸਮੂਹਿਕ ਦਸਤਾਰ ਬੰਦੀ ਹੋਵੇਗੀ।26 ਜਨਵਰੀ ਦਿਨ ਐਤਵਾਰ ਨੂੰ ਅੰਮ੍ਰਿਤ ਸੰਚਾਰ ਸਵੇਰੇ 11:00 ਵਜੇ ਹੋਵੇਗਾ ਅਤੇ ਉਪਰੰਤ ਜਪ ਤਪ ਸਮਾਗਮ ਹੋਣਗੇ ਅਤੇ 27 ਜਨਵਰੀ ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਵਿਸ਼ੇਸ਼ ਚੁਪਹਿਰਾ ਜਪ ਤਪ ਸਮਾਗਮ ਹੋਵੇਗਾ। ਇਹਨਾਂ ਸਮਾਗਮਾਂ ਵਿੱਚ ਸਿੰਘ ਸਾਹਿਬਾਨ, ਸੰਤ ਮਹਾਂਪੁਰਸ਼, ਗੁਰੂ ਘਰ ਦੇ ਕੀਰਤਨੀਏ ਸੰਗਤਾਂ ਦੇ ਦਰਸ਼ਨ ਕਰਨਗੇ।ਭਾਈ ਸਾਹਿਬ ਵੱਲੋਂ ਸਮੂਹ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਨੂੰ ਬੇਨਤੀ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

# ਫ਼ੈਸਟਾ ਨੇ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ ਕਰ ਸਦਰ ਬਾਜ਼ਾਰ ਦੀਆਂ ਸਮੱਸਿਆਵਾਂ ਤੋਂ ਕਰਵਾਇਆ ਜਾਣੂ



**ਨਵੀਂ ਦਿੱਲੀ, 11 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਫੈਡਰੇਸ਼ਨ ਆਫ਼ ਸਦਰ ਬਜ਼ਾਰ ਟਰੇਡਰਜ਼ ਐਸੋਸੀਏਸ਼ਨ ਵੱਲੋਂ ਸਦਰ ਬਜ਼ਾਰ ਨਿਯੁਕਤ ਏ.ਸੀ.ਪੀ ਸਬ ਡਵੀਜ਼ਨ ਸਦਰ ਬਜ਼ਾਰ ਸ੍ਰੀ ਕਰਨ ਸਿੰਘ ਰਾਣਾ, ਐਸ.ਐਚ.ਓ ਸ੍ਰੀ ਸਹਿਦੇਵ ਸਿੰਘ ਤੋਮਰ ਅਤੇ ਇਲਾਕੇ ਦੇ ਵੱਖ-ਵੱਖ ਪੁਲਿਸ ਅਧਿਕਾਰੀ ਨਾਲ ਇਕ ਮੀਟਿੰਗ ਕੀਤੀ ਗਈ । ਇਸ ਮੌਕੇ ਚੇਅਰਮੈਨ ਪਰਮਜੀਤ ਸਿੰਘ ਪੰਮਾ ਅਤੇ ਪ੍ਰਧਾਨ ਰਾਕੇਸ਼ ਕੁਮਾਰ ਯਾਦਵ ਨੇ ਪੁਲਿਸ ਅਧਿਕਾਰੀਆਂ ਨੂੰ ਸਦਰ ਬਜ਼ਾਰ ਦੀ ਸਮੱਸਿਆ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਸਦਰ ਬਜ਼ਾਰ ਵਿੱਚ ਕਬਜੇ ਦੀ ਕਾਫੀ ਸਮੱਸਿਆ ਹੈ ਅਤੇ ਇਸ ਦੇ ਨਾਲ ਹੀ ਸਦਰ ਬਜ਼ਾਰ ਥਾਣੇ ਤੋਂ 12 ਟੁਟੀ ਚੌਂਕ ਤੱਕ ਪਾਰਕਿੰਗ ਦੀ ਥਾਂ ਦਾ ਸੁਧਾਰ ਕੀਤਾ ਜਾਣਾ ਚਾਹੀਦਾ ਹੈ । ਕਿਉਕਿ ਇੱਥੇ ਦੋ-ਤਿੰਨ ਲਾਈਨਾਂ ਦੀਆਂ ਪਾਰਕਿੰਗ ਹੋਣ ਕਾਰਨ ਟ੍ਰੈਫਿਕ ਜਾਮ ਹੁੰਦਾ ਹੈ ਅਤੇ ਹਰ ਰੋਜ਼ ਅਪਰਾਧਿਕ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ।ਇਸ ਦੇ ਨਾਲ ਹੀ ਸਦਰ ਬਾਜ਼ਾਰ 'ਚ ਦਲਾਲਾਂ ਦੀ ਭਰਮਾਰ ਹੈ ਅਤੇ ਖਰੀਦਦਾਰ ਦਲਾਲਾਂ ਦਾ ਸ਼ਿਕਾਰ ਹੋ ਜਾਂਦੇ ਹਨ, ਇਸ ਲਈ ਉਨ੍ਹਾਂ ਨਾਲ ਕਾਫੀ ਠੱਗੀ ਹੁੰਦੀ ਹੈ । ਇਸ ਮੌਕੇ ਸ. ਪੰਮਾ ਤੇ ਰਾਕੇਸ਼ ਯਾਦਵ ਨੇ ਕਿਹਾ ਕਿ ਪੁਲਿਸ ਦੀ ਗਸ਼ਤ ਵਧਾਉਣ ਦੇ ਨਾਲ- ਨਾਲ ਮਹਿਲਾ ਪੁਲਿਸ ਮੁਲਾਜ਼ਮਾਂ ਨੂੰ ਵੀ ਬਾਜ਼ਾਰ 'ਚ ਤਾਇਨਾਤ ਕੀਤਾ ਜਾਵੇ ਕਿਉਂਕਿ ਕਈ ਜੇਬ ਕਤਰੀ ਔਰਤਾਂ ਗ੍ਰਾਹਕਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ । ਇਸ ਮੌਕੇ ਰਾਜਿੰਦਰ ਸ਼ਰਮਾ, ਸਤਪਾਲ ਸਿੰਘ ਮੰਗਾ, ਕਮਲ ਕੁਮਾਰ ਨੇ ਦੱਸਿਆ ਕਿ ਫੇਸਟਾ ਵੱਲੋਂ ਪੁਲਿਸ ਅਧਿਕਾਰੀਆਂ ਦੇ ਸਹਿਯੋਗ ਨਾਲ ਸਦਰ ਬਜ਼ਾਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਨੌਕਰ ਤਸਦੀਕ ਮੁਹਿੰਮ ਚਲਾਈ ਜਾਵੇਗੀ, ਤਾਂ ਜੋ ਇਸ ਗੱਲ ਦੀ ਜਾਂਚ ਕੀਤੀ ਜਾ ਸਕੇ ਕਿ ਕੋਈ ਬੰਗਲਾਦੇਸ਼ੀ ਜਾ ਅਪਰਾਧੀ ਇੱਥੇ ਆਪਣੀ ਪਛਾਣ ਛੁਪਾ ਰਿਹਾ ਹੈ ਜਾਂ ਨਹੀਂ । ਇਸ ਮੌਕੇ ਏ ਸੀ ਪੀ ਸਦਰ ਬਜ਼ਾਰ ਅਤੇ ਐਸ.ਐਚ.ਓ ਨੇ ਸਾਰੀਆਂ ਸਮੱਸਿਆਵਾਂ ਸੁਣਨ ਉਪਰੰਤ ਵਪਾਰੀਆਂ ਨੂੰ ਭਰੋਸਾ ਦਿੱਤਾ ਕਿ ਉਹ ਜਲਦ ਹੀ ਇਹਨਾਂ ਸਮੱਸਿਆਵਾਂ ਦਾ ਨਿਪਟਾਰਾ ਕਰਨਗੇ ਅਤੇ ਹਰ ਮਹੀਨੇ ਵਪਾਰੀਆਂ ਨਾਲ ਮੀਟਿੰਗ ਕਰਨਗੇ । ਇਸ ਮੌਕੇ ਫੈਸਟਾਂ ਵੱਲੋਂ ਏ ਸੀ.ਪੀ ਸਦਰ ਬਜ਼ਾਰ ਅਤੇ ਐਸ.ਐਚ.ਓ ਨੂੰ ਸਨਮਾਨ ਚਿੰਨ੍ਹ ਵੀ ਭੇਟ ਕੀਤਾ ਗਿਆ ਅਤੇ ਉਨ੍ਹਾਂ ਨਾਲ ਆਏ ਸਾਰੇ ਅਧਿਕਾਰੀਆਂ ਨੂੰ ਸਨਮਾਨਿਤ ਵੀ ਕੀਤਾ । ਇਸ ਮੌਕੇ ਪਰਮਜੀਤ ਸਿੰਘ ਪੰਮਾ, ਰਾਕੇਸ਼ ਯਾਦਵ, ਚੌਧਰੀ ਯੋਗਿੰਦਰ ਸਿੰਘ, ਰਜਿੰਦਰ ਸ਼ਰਮਾ, ਸਤਪਾਲ ਸਿੰਘ ਮੰਗਾ, ਕਮਲ ਕੁਮਾਰ, ਰਾਜੀਵ ਛਾਬੜਾ, ਸੁਰਿੰਦਰ ਮਹਿੰਦਰੂ, ਰਾਜ ਕੁਮਾਰ ਗੁਪਤਾ, ਕਨ੍ਹਈਆ ਲਾਲ ਰਘਵਾਨੀ, ਕਮਲ ਗੁਪਤਾ, ਭਾਰਤ ਭੂਸ਼ਣ ਗੋਗੀਆ, ਨਰਿੰਦਰ ਗੁਪਤਾ, ਵਰਿੰਦਰ ਸਿੰਘ, ਜਸਵਿੰਦਰ ਸਿੰਘ, ਗਪਾਲ ਗਰੋਵਰ, ਹਿਮਾਂਸ਼ੂ, ਰਮੇਸ਼ ਸਚਦੇਵਾ, ਵਰਿੰਦਰ ਆਰੀਆ, ਕੁਲਦੀਪ ਸਿੰਘ, ਅਭੈ, ਤਰੁਣ ਸੋਨੀ ਸਮੇਤ ਕਈ ਹਰ ਵਪਾਰੀ ਮੌਜੂਦ ਸਨ।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਨਸਾਨੁ॥

40 ਮੁਕਤਿਆਂ ਦੀ ਯਾਦ 'ਚ

# ਸੰਗਰਾਂਦ ਅਤੇ ਮਾਘੀ ਦਾ ਦਿਹਾੜਾ





# ਗੁਰਦਵਾਰਾ ਸਿੰਘ ਸਭਾ, ਸਲੇਮਪੁਰ ਮਸੰਦਾਂ

## ਵਿਖੇ 12, 13, 14 ਜਨਵਰੀ ਨੂੰ ਮਨਾਇਆ ਜਾਵੇਗਾ

★ ਪਹੁੰਚ ਰਿਹਾ ਢਾਡੀ ਜੱਥਾਂ ★

**ਗਿਆਨੀ ਰਾਜਵਿੰਦਰ ਸਿੰਘ ਖਾਲਸਾ ਮਹਿਤਪੁਰ ਵਾਲੇ**

(11 ਵਜੇ ਦੁਪਹਿਰ ਤੋਂ 1 ਵਜੇ ਤੱਕ)




14 ਜਨਵਰੀ 2025, ਸਮਾਂ ਸਵੇਰੇ 11.00 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ।

## ਸਮੂਹ ਸਾਧ ਸੰਗਤ ਸਲੇਮਪੁਰ ਮਸੰਦਾਂ ਦੇ ਸਹਿਯੋਗ ਨਾਲ ਮਾਘੀ ਦਾ ਦਿਹਾੜੀ ਮਨਾਇਆ ਜਾਵੇਗਾ

## ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਗੁਰੂ ਪੰਥ ਦਾ ਸੇਵਾਦਾਰ

ਭਾਈ ਰਘਵੀਰ ਸਿੰਘ ਵਾਲਸਾਲ

ਆਵਾਜ਼ਿ-ਕੌਮ ਅੰਤਰ-ਰਾਸ਼ਟਰੀ ਅਖ਼ਬਾਰ ਤੇ ਵੈਬ ਚੈਨਲ

ਪ੍ਰਧਾਨ, ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.

ਆਵਾਜ਼ਿ ਕੌਮ AWAZE QAUM International Newspaper & WEB TV

### ਸਿੱਖ ਪੰਥ ਦੀ ਚੜ੍ਹਦੀ ਕਲਾ ਲਈ

# ਦੇਸ਼ ਵਿਦੇਸ਼ ਦੀ ਸਮੂਹ ਸਿੱਖ ਸੰਗਤ ਅੰਮ੍ਰਿਤਧਾਰੀ ਹੋਵੇ : ਸਿੰਘ ਸਾਹਿਬ

## ਇੰਟਰਨੈਸ਼ਨਲ ਪੰਥਕ ਦਲ ਦੇ ਅਹੁਦੇਦਾਰਾਂ ਅਤੇ ਹੋਰ ਸੰਗਤ ਨਾਲ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਹਾਲ ਵਿੱਚ ਕੀਤੀ ਮਹੀਨਾਵਾਰ ਲੰਗਰ ਸੇਵਾ



**ਅੰਮ੍ਰਿਤਸਰ, 11 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਨੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਬਾਣੀ ਅਤੇ ਬਾਣੇ ਵਿੱਚ ਪ੍ਰਪੱਕ ਹੋਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਸਾਨੂੰ ਸਭ ਨੂੰ ਵੱਧ ਤੋਂ ਵੱਧ ਅੰਮ੍ਰਿਤਧਾਰੀ ਹੋਣਾ ਚਾਹੀਦਾ ਹੈ ਅਤੇ ਸਿੱਖ ਪੰਥ ਦੇ ਬੋਲਬਾਲੇ ਦੇ ਮਿਸ਼ਨ ਨੂੰ ਸਾਕਾਰ ਕਰਨਾ ਚਾਹੀਦਾ ਹੈ। ਸਿੰਘ ਸਾਹਿਬ ਨੇ ਇਹ ਵਿਚਾਰ ਅੱਜ ਸ੍ਰੀ ਦਰਬਾਰ ਸਾਹਿਬ ਵਿਖੇ ਇੰਟਰਨੈਸ਼ਨਲ ਪੰਥਕ ਦਲ ਦੇ ਅਹੁਦੇਦਾਰਾਂ, ਵਰਕਰਾਂ ਅਤੇ ਹੋਰ ਸਮੂਹ ਸੰਗਤਾਂ ਨਾਲ ਲੰਗਰ ਹਾਲ ਵਿਖੇ ਮਹੀਨਾਵਾਰ ਲੰਗਰ ਸੇਵਾ ਨਿਭਾਉਣ ਦੌਰਾਨ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਸਿੰਘ ਸਾਹਿਬ ਨੇ ਇਸ ਮੌਕੇ ਕਿਹਾ ਕਿ ਸਿੱਖ ਸੰਗਤਾਂ ਨੇ ਕੀਤੀ ਗਈ ਅਪੀਲ ਅਨੁਸਾਰ ਬਹੁਤ ਉਤਸ਼ਾਹ ਨਾਲ ਰੋਜ਼ਾਨਾ ਨਿੱਤਨੇਮ ਤੋਂ ਇਲਾਵਾ ਵਾਧੂ ਜਪੁਜੀ ਸਾਹਿਬ ਜੀ ਦੇ ਪਾਠ ਕੀਤੇ ਹਨ ਅਤੇ ਕਰ ਰਹੀਆਂ ਹਨ। ਇਸ ਨਿੱਤਨੇਮ ਦਾ ਹੀ ਸਿੱਟਾ ਹੈ ਕਿ ਸਿੱਖ ਪੰਥ ਵਿੱਚ ਆਪਣੇ ਹੱਕ ਪ੍ਰਾਪਤ ਕਰਨ ਲਈ ਲਾਮਬੰਦੀ ਵਾਸਤੇ ਸਰਗਰਮੀਆਂ ਵੱਧ ਗਈਆਂ ਹਨ। ਉਨ੍ਹਾਂ ਕਿਹਾ ਕਿ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਵੀ ਆਉਣ ਵਾਲੇ ਦਿਨਾਂ ਵਿੱਚ ਸਿੱਖ ਕੌਮ ਨੂੰ ਆਪਣੇ ਹੱਕਾਂ ਬਾਰੇ ਜਾਗਰੂਕ ਕਰਨ ਲਈ ਵੱਧ ਤੋਂ ਵੱਧ ਪ੍ਰੋਗਰਾਮ ਉਲੀਕੇ ਜਾਣਗੇ। ਸਿੱਖ ਸੰਗਤਾਂ ਨੂੰ ਗੁਰੂ ਲੜ ਲਾਉਣ ਅਤੇ ਅੰਮ੍ਰਿਤ ਛਕਾਉਣ ਲਈ ਵੀ ਜਥੇਬੰਦੀ ਦੇ ਧਾਰਮਿਕ ਵਿੰਗ ਵੱਲੋਂ ਦੇਸ਼ ਵਿਦੇਸ਼ ਵਿੱਚ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਣਗੇ। ਸਿੰਘ ਸਾਹਿਬ ਨਾਲ ਇਸ ਮੌਕੇ ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਬੁਲਾਰੇ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਦਮਦਮੀ ਟਕਸਾਲ ਭਿੰਡਰਾਂਵਾਲੇ, ਜਥੇਦਾਰ ਸਵਰਨਜੀਤ ਸਿੰਘ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਦੁਆਬਾ, ਜਥੇਦਾਰ ਹਰਚੰਦ ਸਿੰਘ ਚਕਰ ਅਤੇ ਹੋਰ ਅਹੁਦੇਦਾਰ, ਪਾਰਟੀ ਵਰਕਰ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਆਰ.ਡੀ ਖੋਸਲਾ ਡੀ.ਏ.ਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਨੇ ਮਨਾਇਆ ਲੋਹੜੀ ਦਾ ਤਿਉਹਾਰ







### ਬੱਚੇ ਚਾਇਨਾ ਡੋਰ ਦੀ ਵਰਤੋਂ ਨਾ ਕਰਨ ਕਿਉਂਕਿ ਇਸ ਨਾਲ ਵੱਡੇ ਹਾਦਸੇ ਵਾਪਰਦੇ ਹਨ: ਪ੍ਰਿੰਸੀਪਲ ਡਾ. ਬਿੰਦੂ ਭੱਲਾ

**ਬਟਾਲਾ, 11 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਆਰ.ਡੀ. ਖੋਸਲਾ ਡੀ.ਏ.ਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਲੋਹੜੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਡਾਂਸ, ਗੀਤਾਂ, ਕਵਿਤਾਵਾਂ, ਭਾਸ਼ਣਾਂ ਅਤੇ ਲੋਕ ਗੀਤਾਂ ਰਾਹੀਂ ਲੋਹੜੀ ਦੀ ਮਹੱਤਤਾ ਨੂੰ ਦਰਸਾਇਆ ਜਿਸ ਨਾਲ ਸਕੂਲ ਕੈਂਪਸ ਉਤਸ਼ਾਹ ਨਾਲ ਗੂੰਜ ਗਿਆ। ਅਧਿਆਪਕਾਂ ਵੱਲੋਂ ਪੇਸ਼ ਕੀਤੇ ਲੋਕ ਗੀਤ, ਗਿੱਧੇ ਅਤੇ ਭੰਗੜੇ ਨੇ ਸਮਾਗਮ ਨੂੰ ਹੋਰ ਵਧਾ ਦਿੱਤਾ। ਲੋਹੜੀ ਦੀ ਊਰਜਾ ਅਤੇ ਜੋਸ਼ ਨੇ ਸਾਰਿਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਪ੍ਰੋਗਰਾਮ ਦੀ ਸ਼ੁਰੂਆਤ ਰਵਾਇਤੀ ਰਸਮਾਂ ਨਾਲ ਹੋਈ। ਜਿਸ ਵਿੱਚ ਲੋਹੜੀ ਦੀ ਪਾਵਨ ਅਗਨੀ ਬਾਲੀ ਗਈ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਇਸ ਵਿੱਚ ਤਿਲ, ਗੁੜ, ਰਿਉੜੀ ਅਤੇ ਮੂੰਗਫਲੀ ਦਾ ਪ੍ਰਸ਼ਾਦ ਚੜ੍ਹਾ ਕੇ ਸਾਰਿਆਂ ਦੀ ਤੰਦਰੁਸਤੀ ਦੀ ਕਾਮਨਾ ਕੀਤੀ। ਇਸ ਮੌਕੇ ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰਸੀਪਲ ਡਾ: ਬਿੰਦੂ ਭੱਲਾ ਨੇ ਸਾਰਿਆਂ ਨੂੰ ਲੋਹੜੀ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਇਹ ਤਿਉਹਾਰ ਪੰਜਾਬੀਆਂ ਦਾ ਪਿਆਰਾ ਤਿਉਹਾਰ ਹੈ, ਜਿਸ ਨੂੰ ਸਾਰੇ ਮਿਲ ਕੇ ਆਪਸੀ ਪਿਆਰ ਅਤੇ ਸਦਭਾਵਨਾ ਨਾਲ ਮਨਾਉਂਦੇ ਹਨ। ਅਗਨੀ ਅਤੇ ਸੂਰਜ ਦੇਵਤਾ ਦਾ ਧੰਨਵਾਦ ਕਰਨ ਲਈ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਲੋਹੜੀ ਦੇ ਤਿਉਹਾਰ ਨਾਲ ਦਿਨ ਲੰਬੇ ਅਤੇ ਰਾਤਾਂ ਛੋਟੀਆਂ ਹੋ ਜਾਂਦੀਆਂ ਹਨ, ਲੋਹੜੀ ਦੀ ਪਵਿੱਤਰ ਅਗਨੀ ਨੂੰ ਚੜ੍ਹਾਵਾ ਚੜ੍ਹਾ ਕੇ ਸਭ ਦੇ ਭਲੇ ਦੀ ਕਾਮਨਾ ਕੀਤੀ ਜਾਂਦੀ ਹੈ। ਉਨ੍ਹਾਂ ਬੱਚਿਆਂ ਨੂੰ ਚੀਨੀ ਤਾਰਾਂ ਦੀ ਵਰਤੋਂ ਨਾ ਕਰਨ ਲਈ ਪ੍ਰੇਰਿਤ ਕੀਤਾ ਕਿਉਂਕਿ ਇਸ ਦੀ ਵਰਤੋਂ ਨਾਲ ਕਈ ਹਾਦਸੇ ਵਾਪਰਦੇ ਹਨ। ਇਸ ਨਾਲ ਨਾ ਸਿਰਫ਼ ਵਾਤਾਵਰਣ ਨੂੰ ਨੁਕਸਾਨ ਹੁੰਦਾ ਹੈ ਸਗੋਂ ਪੰਛੀਆਂ ਦੀ ਵੀ ਮੌਤ ਹੁੰਦੀ ਹੈ ਉਨ੍ਹਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਪੇਸ਼ ਕੀਤੇ ਗਏ ਸੱਭਿਆਚਾਰਕ ਪ੍ਰੋਗਰਾਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸੱਭਿਆਚਾਰਕ ਪ੍ਰੋਗਰਾਮ ਸਾਡੀਆਂ ਪਰੰਪਰਾਵਾਂ ਨੂੰ ਜਿਉਂਦਾ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਆਵਾਜ਼ਿ ਕੌਮ AWAZE QAUM International Newspaper & WEB TV